# ਜਿੰਦਗੀ ਵਾਸਤੇ ਸਟੈੱਮ ਸੈੱਲ

ਜਦ ਮੈਨੂੰ ਪਤਾ ਚੱਲਿਆ ਕਿ ਨਾੜੂਏ ਦਾ ਖ਼ੂਨ ਕਿਸੇ ਦੀ ਜਿੰਦਗੀ ਬਚਾ ਸਕਦਾ ਹੈ,
ਤਾਂ ਮੇਰੇ ਨਾੜੂਏ ਦੇ ਖ਼ੂਨ ਨੂੰ ਇੱਕ ਜਨਤਕ ਬੈਂਕ ਨੂੰ ਦਾਨ ਕਰਨਾ ਅਸਾਨ ਫੈਸਲਾ ਸੀ।

– ਨਤਾਲੀ, ਜੋ ਕੈਨੇਡੀਅਨ ਬਲੱਡ ਸਰਵਿਸਜ਼ ਦੀ ਕੋਰਡ ਬਲੱਡ ਬੈਂਕ ਨੂੰ ਦੋ ਵਾਰ ਨਾੜੂਏ ਦਾ ਖ਼ੂਨ ਦਾਨ ਕਰ ਚੁੱਕੀ ਹੈ



Canadian Blood Services


BLOOD
PLASMA
STEM CELLS
ORGANS
& TISSUES

# ਕੀ ਤੁਸੀਂ ਜਾਣਦੇ ਹੋ ਕਿ ਕਿਸੇ ਬੱਚੇ ਦੇ ਜਨਮ ਦੇ ਬਾਅਦ, ਨਾੜੂਏ ਅਤੇ ਔਲ ਵਿੱਚ ਬਚਿਆ ਖ਼ੂਨ ਜ਼ਿੰਦਗੀ ਬਚਾਉਣ ਵਾਲੇ ਸਟੈੱਮ ਸੈੱਲਾਂ ਨਾਲ ਭਰਪੂਰ ਹੁੰਦਾ ਹੈ?

## ਨਾੜੂਏ ਦਾ ਖ਼ੂਨ 80 ਤੋਂ ਵਧੇਰੇ ਬਿਮਾਰੀਆਂ ਅਤੇ ਵਿਕਾਰਾਂ ਦਾ ਇਲਾਜ ਕਰ ਸਕਦਾ ਹੈ ਜਿਸ ਵਿੱਚ ਲੂਕੀਮੀਆ (ਖ਼ੂਨ ਦਾ ਕੈਂਸਰ) ਵੀ ਸ਼ਾਮਲ ਹੈ, ਪਰ ਫੇਰ ਵੀ ਇਸਨੂੰ ਅਕਸਰ ਡਾਕਟਰੀ ਰਹਿੰਦ-ਖੂੰਹਦ ਵਜੋਂ ਸੁੱਟ ਦਿੱਤਾ ਜਾਂਦਾ ਹੈ।

ਕੈਨੇਡੀਅਨ ਬਲੱਡ ਸਰਵਿਸਜ਼ ਦੀ 'ਕੋਰਡ ਬਲੱਡ ਬੈਂਕ' ਕਿਸੇ ਗੈਰ-ਸੰਬੰਧਿਤ ਸਟੈੱਮ ਸੈੱਲ ਪ੍ਰਤੀਰੋਪਣ (transplant) ਦੀ ਲੋੜ ਵਾਲੇ ਮਰੀਜ਼ਾਂ ਦੁਆਰਾ ਭਵਿੱਖ ਵਿੱਚ ਵਰਤੇ ਜਾਣ ਲਈ ਦਾਨ ਕੀਤੇ ਨਾੜੂਏ ਦੇ ਖ਼ੂਨ ਨੂੰ ਇਕੱਤਰ ਅਤੇ ਸਟੋਰ ਕਰਦੀ ਹੈ।

**ਕੈਨੇਡਾ ਵਿੱਚ ਸਟੈੱਮ ਸੈੱਲ ਪ੍ਰਤੀਰੋਪਣ ਵਾਲੇ ਮਰੀਜ਼ਾਂ ਵਿੱਚੋਂ ਅੱਧੇ ਮਰੀਜ਼ ਕੋਈ ਸਟੈੱਮ ਸੈੱਲ ਦਾਨੀ ਲੱਭਣ ਦੇ ਅਯੋਗ ਹੁੰਦੇ ਹਨ।**



25% ਤੋਂ ਘੱਟ
ਮਰੀਜ਼ਾਂ ਨੂੰ ਆਪਣੇ ਖੁਦ ਦੇ ਪਰਿਵਾਰ ਦੇ ਅੰਦਰ ਕੋਈ ਮੇਲ ਖਾਂਦਾ ਦਾਨੀ ਮਿਲਦਾ ਹੈ

ਬਾਕੀ ਦੇ ~75%
ਮਰੀਜ਼ਾਂ ਨੂੰ ਆਪਣੀਆਂ ਜ਼ਿੰਦਗੀਆਂ ਬਚਾਉਣ ਵਾਸਤੇ ਗੈਰ-ਸੰਬੰਧਿਤ ਦਾਨੀਆਂ 'ਤੇ ਭਰੋਸਾ ਕਰਨਾ ਲਾਜ਼ਮੀ ਹੈ

ਇੱਕ ਭਾਂਤ-ਸੁਭਾਂਤੀ ਕੌਮੀ ਜਨਤਕ ਕੋਰਡ ਬਲੱਡ ਬੈਂਕ ਦਾ ਮਤਲਬ ਹੈ ਕਿਸੇ ਲੋੜਵੰਦ ਮਰੀਜ਼ ਨੂੰ ਮੇਲ ਲੱਭਣ ਦੀ ਬਿਹਤਰ ਸੰਭਾਵਨਾ।

## ਨਾੜੂਏ ਦਾ ਖ਼ੂਨ ਦਾਨ ਕਰਨਾ ਮੁਫ਼ਤ ਹੈ, ਅਸਾਨ ਹੈ ਅਤੇ ਇਸ ਨਾਲ ਮਾਂ ਜਾਂ ਬੱਚੇ ਨੂੰ ਕੋਈ ਜੋਖ਼ਮ ਨਹੀਂ ਹੁੰਦਾ।

ਨਾੜੂਏ ਦਾ ਖ਼ੂਨ ਚਾਰ ਟਿਕਾਣਿਆਂ 'ਤੇ ਦਾਨ ਕੀਤਾ ਜਾ ਸਕਦਾ ਹੈ:

ਓਟਾਵਾ ਹੌਸਪੀਟਲ ਜਨਰਲ ਕੈਂਪਸ The Ottawa Hospital General Campus
ਓਟਾਵਾ ਓਨਟੈਰੀਓ Ottawa Ontario

ਬਰੈਮਪਟਨ ਸਿਵਿਕ ਹਸਪਤਾਲ ਵਿਖੇ ਵਿਲੀਅਮ ਓਸਲਰ ਹੈਲਥ ਸਿਸਟਮ
William Osler Health System at Brampton Civic Hospital
ਬਰੈਮਪਟਨ ਓਨਟੈਰੀਓ Brampton Ontario

ਅਲਬਰਟਾ ਹੈਲਥ ਸਰਵਿਸਜ਼ ਦਾ ਲੋਇਸ ਹੋਲ ਹੌਸਪੀਟਲ ਫਾਰ ਵਿਮਨ
Alberta Health Services' Lois Hole Hospital for Women
ਐਡਮੌਂਟਨ ਅਲਬਰਟਾ Edmonton Alberta

ਬੀ.ਸੀ. ਵਿਮਨਜ਼ ਹੌਸਪੀਟਲ ਐਂਡ ਹੈਲਥ ਸੈਂਟਰ
BC Women's Hospital and Health Centre
ਵੈਨਕੂਵਰ ਬ੍ਰਿਟਿਸ਼ ਕੋਲੰਬੀਆ Vancouver British Columbia

ਹੋਰ ਭਾਸ਼ਾਵਾਂ ਵਿੱਚ ਲਿਖਤੀ ਅਨੁਵਾਦ ਅਤੇ ਜ਼ੁਬਾਨੀ ਅਨੁਵਾਦ ਸੇਵਾਵਾਂ ਬਾਰੇ ਹੋਰ ਜਾਣਨ ਲਈ ਸਾਡੀ ਵੈੱਬਸਾਈਟ ਦੇਖੋ।

ਤੁਸੀਂ ਉਹ ਦਾਨੀ ਹੋ ਸਕਦੇ ਹੋ ਜੋ ਕਿਸੇ ਦੀ ਜ਼ਿੰਦਗੀ ਬਚਾਉਂਦਾ ਹੈ।

ਪੰਜੀਕਰਨ ਕਰਨਾ ਅਸਾਨ ਹੈ, ਦੇਖੋ blood.ca/donatecord

MM: 1000107547 (2018-12-03)

**ਇਕੱਠਿਆਂ ਮਿਲਕੇ, ਅਸੀ ਕੈਨੇਡਾ ਦੀ ਜੀਵਨਰੇਖਾ ਦਾ ਨਿਰਮਾਣ ਕਰਦੇ ਹਾਂ**

Canadian Blood Services BLOOD PLASMA STEM CELLS ORGANS & TISSUES

Unique Hospital ID Label

# ਨਾੜੂਏ ਦਾ ਖ਼ੂਨ ਇਕੱਤਰ ਕਰਨ ਲਈ ਇਜਾਜ਼ਤ

ਇਸ ਪੰਨੇ ਵਿੱਚ ਕੈਨੇਡੀਅਨ ਬਲੱਡ ਸਰਵਿਸਿਜ਼ ਦੁਆਰਾ ਪ੍ਰਬੰਧਿਤ ਜਨਤਕ ਕੋਰਡ ਬਲੱਡ ਬੈਂਕ ("ਕੋਰਡ ਬਲੱਡ ਬੈਂਕ") ਨੂੰ ਨਾੜੂਏ ਦਾ ਖ਼ੂਨ ਦਾਨ ਕਰਨ ਬਾਰੇ ਜਾਣਕਾਰੀ ਸ਼ਾਮਲ ਹੈ। ਕੋਰਡ ਬਲੱਡ ਬੈਂਕ ਨੂੰ ਨਾੜੂਏ ਦਾ ਖ਼ੂਨ ਦਾਨ ਕਰਨ ਦੀ ਚੋਣ ਕਰਨਾ ਸਵੈਇੱਛਤ ਹੈ। ਵਿਕਲਪਕ ਚੋਣਾਂ ਵਿੱਚ ਤੁਹਾਡੀ ਜਾਂ ਤੁਹਾਡੇ ਪਰਿਵਾਰ ਦੀ ਸੰਭਾਵੀ ਭਵਿੱਖੀ ਵਰਤੋਂ ਲਈ ਕਿਸੇ ਪ੍ਰਾਈਵੇਟ ਕੋਰਡ ਬਲੱਡ ਬੈਂਕ ਵਿੱਚ ਨਾੜੂਏ ਦਾ ਖ਼ੂਨ ਸਟੋਰ ਕਰਨਾ, ਜਾਂ ਨਾੜੂਏ ਦਾ ਖ਼ੂਨ ਦਾਨ ਨਾ ਕਰਨਾ ਜਾਂ ਸਟੋਰ ਨਾ ਕਰਨਾ ਸ਼ਾਮਲ ਹੈ। ਜੇਕਰ ਤੁਸੀਂ ਕੋਰਡ ਬਲੱਡ ਬੈਂਕ ਨੂੰ ਨਾੜੂਏ ਦਾ ਖ਼ੂਨ ਦਾਨ ਨਾ ਕਰਨ ਦਾ ਫੈਸਲਾ ਕਰਦੇ ਹੋ, ਤਾਂ ਇਸਦਾ ਤੁਹਾਡੇ ਜਾਂ ਤੁਹਾਡੇ ਪਰਿਵਾਰ ਦੀ ਡਾਕਟਰੀ ਦੇਖਭਾਲ 'ਤੇ ਕੋਈ ਅਸਰ ਨਹੀਂ ਪਵੇਗਾ। ਜੇ ਤੁਸੀਂ ਕੋਰਡ ਬਲੱਡ ਬੈਂਕ ਨੂੰ ਨਾੜੂਏ ਦਾ ਖ਼ੂਨ ਦਾਨ ਕਰਦੇ ਹੋ, ਤਾਂ ਨਾੜੂਏ ਦਾ ਖ਼ੂਨ ਕਿਸੇ ਪ੍ਰਾਈਵੇਟ ਕੋਰਡ ਬਲੱਡ ਬੈਂਕ ਵਿੱਚ ਟ੍ਰਾਂਸਫਰ ਨਹੀਂ ਕੀਤਾ ਜਾ ਸਕਦਾ ਹੈ।

## ਨਾੜੂਏ ਦੇ ਖ਼ੂਨ ਵਿਚਲੇ ਸਟੈਮ ਸੈੱਲ ਕੀ ਹੁੰਦੇ ਹਨ?

ਨਾੜੂਏ ਦੇ ਖ਼ੂਨ ਵਿੱਚ ਖ਼ੂਨ ਦੇ ਉਹ ਸਟੈਮ ਸੈੱਲ ਹੁੰਦੇ ਹਨ, ਜੋ ਗੈਰ-ਪ੍ਰੌੜ ਸੈੱਲ ਹੁੰਦੇ ਹਨ ਅਤੇ ਜੋ ਖ਼ੂਨ ਦੇ ਪ੍ਰਵਾਹ ਵਿੱਚ ਹੇਠ ਲਿਖੇ ਸੈੱਲਾਂ ਵਿੱਚ ਵਿਕਸਤ ਹੁੰਦੇ ਹਨ:

- ਤੁਹਾਡੇ ਸਰੀਰ ਵਿੱਚ ਆਕਸੀਜਨ ਲੈ ਜਾਣ ਲਈ ਖ਼ੂਨ ਦੇ ਲਾਲ ਸੈੱਲ
- ਖ਼ੂਨ ਨੂੰ ਜੰਮਣ ਵਿੱਚ ਮਦਦ ਕਰਨ ਲਈ ਪਲੇਟਲੈਟਸ ਸੈੱਲ
- ਲਾਗ ਨਾਲ ਲੜਨ ਲਈ ਖ਼ੂਨ ਦੇ ਸਫੈਦ ਸੈੱਲ

## ਨਾੜੂਏ ਦੇ ਖ਼ੂਨ ਵਿਚਲੇ ਸਟੈਮ ਸੈੱਲ ਕਿਸ ਲਈ ਵਰਤੇ ਜਾ ਸਕਦੇ ਹਨ?

'ਕੋਰਡ ਬਲੱਡ ਬੈਂਕ' ਨਾੜੂਏ ਦੇ ਖ਼ੂਨ ਵਿੱਚੋਂ ਸਟੈੱਮ ਸੈੱਲਾਂ ਨੂੰ ਇਕੱਤਰ ਕਰਦੀ, ਟੈਸਟ ਕਰਦੀ ਅਤੇ ਸਟੋਰ ਕਰਦੀ ਹੈ ਤਾਂ ਜੋ ਇਹਨਾਂ ਨੂੰ ਕੈਨੇਡਾ ਜਾਂ ਵਿਸ਼ਵ ਵਿੱਚ ਕਿਤੋਂ ਦੇ ਵੀ ਸਟੈੱਮ ਸੈੱਲ ਪ੍ਰਤੀਰੋਪਣ ਲੋੜਦੇ ਮਰੀਜ਼ ਨੂੰ ਉਪਲਬਧ ਕਰਵਾਇਆ ਜਾ ਸਕੇ। ਕਦੇ-ਕਦਾਈਂ, ਕੋਰਡ ਬਲੱਡ ਬੈਂਕ ਨਾੜੂਏ ਦੇ ਖ਼ੂਨ ਵਿਚਲੇ ਸਟੈੱਮ ਸੈੱਲਾਂ ਨੂੰ ਹੋਰ ਉਪਯੋਗਾਂ ਜਿਵੇਂ ਕਿ ਗੁਣਵੱਤਾ ਭਰੋਸੇਯੋਗਤਾ (ਉਦਾਹਰਨ ਲਈ ਪ੍ਰਮਾਣੀਕਰਨ, ਸਿਖਲਾਈ ਅਤੇ ਗੁਣਵੱਤਾ ਕੰਟਰੋਲ) ਅਤੇ ਉਤਪਾਦ ਸੁਧਾਰ ("ਹੋਰ ਉਪਯੋਗ"), ਅਤੇ ਕੋਰਡ ਬਲੱਡ ਬੈਂਕ ਦੇ ਰਿਸਰਚ ਪ੍ਰੋਗਰਾਮ ਦੁਆਰਾ ਖੋਜ ਕਰਨ ਲਈ ਵਰਤ ਸਕਦੀ ਹੈ ਜੇ ਤੁਸੀਂ "ਰਿਸਰਚ ਔਪਟ-ਇਨ" ਵਿਕਲਪ ("ਰਿਸਰਚ ਵਿਕਲਪ") ਨੂੰ ਚੁਣਿਆ ਹੈ।

## ਨਾੜੂਏ ਦੇ ਖ਼ੂਨ ਵਿਚਲੇ ਸਟੈਮ ਸੈੱਲ ਕਿਵੇਂ ਇਕੱਤਰ ਕੀਤੇ ਜਾਂਦੇ ਹਨ?

ਤੁਹਾਡੀ ਸਿਹਤ-ਸੰਭਾਲ ਟੀਮ (ਜਿਵੇਂ ਕਿ ਡਾਕਟਰ, ਨਰਸ, ਦਾਈ) ਕੋਰਡ ਬਲੱਡ ਬੈਂਕ ਨੂੰ ਨਾੜੂਏ ਦਾ ਖ਼ੂਨ ਇਕੱਠਾ ਕਰਨ ਵਿੱਚ ਮਦਦ ਕਰਦੀ ਹੈ। ਤੁਹਾਡੇ ਬੱਚੇ ਦੇ ਜਨਮ ਤੋਂ ਬਾਅਦ, ਨਾੜੂਏ ਨੂੰ ਕਲੈਂਪ ਕੀਤਾ ਜਾਂਦਾ ਹੈ, ਫਿਰ ਕੱਟਿਆ ਜਾਂਦਾ ਹੈ, ਅਤੇ ਪਲੈਸੈਂਟਾ, ਜਾਂ "ਔਲ" ਦੀ ਡਿਲੀਵਰੀ ਕੀਤੀ ਜਾਂਦੀ ਹੈ ਅਤੇ ਫਿਰ ਇਸਨੂੰ ਹਸਪਤਾਲ ਵਿਖੇ ਕੋਰਡ ਬਲੱਡ ਬੈਂਕ ਦੇ ਸਟਾਫ ਨੂੰ ਟ੍ਰਾਂਸਫਰ ਕੀਤਾ ਜਾਂਦਾ ਹੈ। ਫਿਰ ਨਾੜੂਏ ਦੇ ਖ਼ੂਨ ਨੂੰ ਨਾੜੂਏ ਤੋਂ ਇਕੱਠਾ ਕੀਤਾ ਜਾਂਦਾ ਹੈ ਅਤੇ ਕੋਰਡ ਬਲੱਡ ਬੈਂਕ ਕੋਲ ਸਟੋਰੇਜ ਲਈ ਯੋਗਤਾ ਦੀ ਜਾਂਚ ਕੀਤੀ ਜਾਂਦੀ ਹੈ। ਪਲੇਸੈਂਟਾ ਅਤੇ/ਜਾਂ ਨਾੜੂਆ ਤੁਹਾਨੂੰ ਵਾਪਸ ਕਰਨ ਦੀਆਂ ਬੇਨਤੀਆਂ ਤੁਹਾਡੀ ਸਿਹਤ ਸੰਭਾਲ ਟੀਮ ਨੂੰ ਭੇਜੀਆਂ ਜਾਣੀਆਂ ਚਾਹੀਦੀਆਂ ਹਨ।

## ਇਹ ਨਿਰਣਾ ਕਰਨਾ ਕਿ ਕੀ ਨਾੜੂਏ ਦਾ ਖ਼ੂਨ ਕੋਰਡ ਬਲੱਡ ਬੈਂਕ ਲਈ ਯੋਗ ਹੈ

ਜੇਕਰ ਹਸਪਤਾਲ ਵਿੱਚ ਇਹ ਨਿਰਣਾ ਕੀਤਾ ਜਾਂਦਾ ਹੈ ਕਿ ਨਾੜੂਏ ਦੇ ਖ਼ੂਨ ਵਿੱਚ ਕਾਫ਼ੀ ਸਾਰੇ ਨਾੜੂਏ ਦੇ ਖ਼ੂਨ ਵਿਚਲੇ ਸਟੈਮ ਸੈੱਲ ਹਨ, ਤਾਂ ਇਸਨੂੰ ਹੋਰ ਮੁਲਾਂਕਣ ਲਈ ਕੋਰਡ ਬਲੱਡ ਬੈਂਕ ਨਿਰਮਾਣ ਸੁਵਿਧਾ ਵਿੱਚ ਟ੍ਰਾਂਸਫਰ ਕੀਤਾ ਜਾਵੇਗਾ। ਤੁਹਾਡੇ ਹਸਪਤਾਲ ਛੱਡਣ ਤੋਂ ਪਹਿਲਾਂ, ਕੋਰਡ ਬਲੱਡ ਬੈਂਕ ਦਾ ਕੋਈ ਸਟਾਫ ਮੈਂਬਰ ਤੁਹਾਡੇ ਨਾਲ ਭਵਿੱਖ ਵਿੱਚ ਪ੍ਰਤੀਰੋਪਣ (transplant) ਵਰਤੋਂ ਲਈ ਨਾੜੂਏ ਦੇ ਖ਼ੂਨ ਨੂੰ ਸਟੋਰ ਕਰਨ ਦੀ ਸਹਿਮਤੀ ਬਾਰੇ ਗੱਲ ਕਰੇਗਾ। ਇਸ ਵਿੱਚ ਤੁਹਾਡੇ ਡਾਕਟਰੀ ਇਤਿਹਾਸ ਅਤੇ ਆਮ ਸਿਹਤ ਬਾਰੇ ਸਵਾਲ ਪੁੱਛਣੇ ਸ਼ਾਮਲ ਹਨ। ਤੁਹਾਨੂੰ ਇੱਕ ਖ਼ੂਨ ਦਾ ਨਮੂਨਾ ਪ੍ਰਦਾਨ ਕਰਨ ਲਈ ਕਿਹਾ ਜਾਵੇਗਾ ਜਿਸਦਾ ਖ਼ੂਨ ਦੇ ਗਰੁੱਪਾਂ (ABO ਅਤੇ Rh), ਅਨੁਕੂਲਤਾ ਟੈਸਟਿੰਗ (ਇਹ ਪਤਾ ਲਗਾਉਣ ਲਈ ਕਿ ਕੀ ਸਟੈੱਮ ਸੈੱਲਾਂ ਦਾ ਕਿਸੇ ਖਾਸ ਮਰੀਜ਼ ਵਿੱਚ ਸੁਰੱਖਿਅਤ ਰੂਪ ਨਾਲ ਪ੍ਰਤੀਰੋਪਣ ਕੀਤਾ ਜਾ ਸਕਦਾ ਹੈ), HIV, ਹੈਪੇਟਾਈਟਸ

Canadian Blood Services BLOOD PLASMA STEM CELLS ORGANS & TISSUES

Unique Hospital ID Label

# ਨਾੜੂਏ ਦਾ ਖੂਨ ਇਕੱਤਰ ਕਰਨ ਲਈ ਇਜਾਜ਼ਤ

ਬੀ ਅਤੇ ਸੀ, ਮਨੁੱਖੀ ਟੀ.-ਸੈੱਲ ਲਿੰਫੋਟ੍ਰੋਪਿਕ ਵਾਇਰਸ (HTLV), ਸਾਈਟੋਮੇਗਲੋਵਾਇਰਸ (CMV), ਵੈਸਟ ਨੀਲ ਵਾਇਰਸ, ਅਤੇ ਜੇਕਰ ਲਾਗੂ ਹੋਵੇ, ਤਾਂ ਚਾਗਾਸ ਦੀ ਬਿਮਾਰੀ ਅਤੇ ਹੋਰ ਕਾਰਕਾਂ ਵਾਸਤੇ ਟੈਸਟ ਕੀਤਾ ਜਾਵੇਗਾ। ਕੈਨੇਡੀਅਨ ਬਲੱਡ ਸਰਵਿਸਜ਼ ਦੀ ਨੀਤੀ ਅਨੁਸਾਰ, ਇਹਨਾਂ ਬਿਮਾਰੀਆਂ ਵਾਸਤੇ ਟੈਸਟ ਦੇ ਪਾਜ਼ੇਟਿਵ ਨਤੀਜਿਆਂ ਦੀ ਰਿਪੋਰਟ ਅਸੀਂ ਤੁਹਾਨੂੰ ਅਤੇ ਤੁਹਾਡੇ ਸਿਹਤ ਸੰਭਾਲ ਪ੍ਰਦਾਨਕ ਨੂੰ ਕਰਾਂਗੇ। ਜੇ ਤੁਹਾਨੂੰ ਪ੍ਰਸੂਤੀ ਪੀੜਾਂ ਦੌਰਾਨ ਨਸ ਰਾਹੀਂ (IV – Intravenous) ਤਰਲ-ਪਦਾਰਥਾਂ ਦੀ ਲੋੜ ਪੈਂਦੀ ਹੈ, ਤਾਂ ਹੋ ਸਕਦਾ ਹੈ ਅਸੀਂ ਉਸ ਸਮੇਂ ਖੂਨ ਦਾ ਇੱਕ ਨਮੂਨਾ ਪ੍ਰਦਾਨ ਕਰਾਉਣ ਲਈ ਕਹੀਏ। ਸਟਾਫ ਤੁਹਾਡੇ ਕੋਲੋਂ ਖੂਨ ਦੀਆਂ ਛੇ ਛੋਟੀਆਂ ਟਿਊਬਾਂ (ਲਗਭਗ ਤਿੰਨ ਵੱਡੇ ਚਮਚ) ਲਵੇਗਾ।

ਜੇਕਰ ਨਾੜੂਏ ਦਾ ਖੂਨ ਯੋਗ ਨਹੀਂ ਹੈ, ਤਾਂ ਇਸ ਗੱਲ 'ਤੇ ਨਿਰਭਰ ਕਰਦੇ ਹੋਏ ਕਿ ਤੁਸੀਂ ਇਸਨੂੰ ਕਿੱਥੇ ਦਿੰਦੇ ਹੋ,

- ਇਸਨੂੰ ਰੱਦ ਕੀਤਾ ਜਾ ਸਕਦਾ ਹੈ,
- ਜੇ ਤੁਸੀਂ ਖੋਜ ਵਿਕਲਪ ਨੂੰ ਚੁਣਿਆ ਸੀ, ਤਾਂ ਹੋਰ ਉਪਯੋਗਾਂ ਲਈ ਵਰਤਣ ਵਾਸਤੇ ਜਾਂ ਕੋਰਡ ਬਲੱਡ ਬੈਂਕ ਦੇ ਰਿਸਰਚ ਪ੍ਰੋਗਰਾਮ ਦੇ ਤਹਿਤ ਵਰਤੇ ਜਾਣ ਲਈ ਕੋਰਡ ਬਲੱਡ ਬੈਂਕ ਦੀ ਨਿਰਮਾਣ ਸੁਵਿਧਾ ਨੂੰ ਟ੍ਰਾਂਸਫਰ ਕੀਤਾ ਜਾ ਸਕਦਾ ਹੈ, ਜਾਂ
- ਤੁਹਾਡੇ ਹਸਪਤਾਲ ਵਾਪਸ ਭੇਜਿਆ ਜਾ ਸਕਦਾ ਹੈ, ਜਿੱਥੇ ਇਸ ਨਾਲ ਹਸਪਤਾਲ ਦੀਆਂ ਪ੍ਰਵਾਨਿਤ ਨੀਤੀਆਂ (ਹਸਪਤਾਲ ਰਿਸਰਚ ਸਮੇਤ) ਦੇ ਅਨੁਸਾਰ ਨਜਿੱਠਿਆ ਜਾਵੇਗਾ। ਇਹਨਾਂ ਨੀਤੀਆਂ ਬਾਰੇ ਸਵਾਲ ਹਸਪਤਾਲ ਦੇ ਪ੍ਰਤੀਨਿਧੀ ਨੂੰ ਭੇਜੇ ਜਾਣੇ ਚਾਹੀਦੇ ਹਨ।

## ਸਟੋਰੇਜ ਅਤੇ ਪ੍ਰਤੀਰੋਪਣ

ਇੱਕ ਵਾਰ ਜਦੋਂ ਨਾੜੂਏ ਦਾ ਖੂਨ ਸਾਡੀ ਨਿਰਮਾਣ ਸੁਵਿਧਾ 'ਤੇ ਪਹੁੰਚ ਜਾਂਦਾ ਹੈ, ਤਾਂ ਅਸੀਂ ਸਟੋਰੇਜ ਲਈ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲਾਂ ਦੀ ਜਾਂਚ ਅਤੇ ਤਿਆਰੀ ਸ਼ੁਰੂ ਕਰ ਦੇਵਾਂਗੇ। ਇਸ ਜਾਂਚ ਦੇ ਨਤੀਜੇ ਇਹ ਨਿਰਧਾਰਤ ਕਰਨ ਵਿੱਚ ਸਾਡੀ ਮਦਦ ਕਰਨਗੇ ਕਿ ਕੀ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲਾਂ ਨੂੰ ਭਵਿੱਖ ਵਿੱਚ ਪ੍ਰਤੀਰੋਪਣ ਵਰਤੋਂ ਲਈ ਸਟੋਰ ਕੀਤਾ ਜਾ ਸਕਦਾ ਹੈ। ਜੇਕਰ ਕਿਸੇ ਵੀ ਸਮੇਂ, ਅਸੀਂ ਇਹ ਨਿਰਣਾ ਕਰਦੇ ਹਾਂ ਕਿ ਕੋਰਡ ਬਲੱਡ ਬੈਂਕ ਦੇ ਰਿਸਰਚ ਪ੍ਰੋਗਰਾਮ ਦੇ ਤਹਿਤ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲਾਂ ਨੂੰ ਸਟੋਰ ਨਹੀਂ ਕੀਤਾ ਜਾ ਸਕਦਾ ਹੈ, ਤਾਂ ਨਾੜੂਏ ਦੇ ਖੂਨ ਅਤੇ ਕਿਸੇ ਵੀ ਹੋਰ ਖੂਨ ਦੇ ਨਮੂਨਿਆਂ ਨੂੰ ਰੱਦ ਕੀਤਾ ਜਾ ਸਕਦਾ ਹੈ, ਹੋਰ ਉਪਯੋਗਾਂ ਲਈ ਵਰਤਿਆ ਜਾ ਸਕਦਾ ਹੈ, ਜਾਂ ਜੇ ਤੁਸੀਂ ਰਿਸਰਚ ਵਾਲੇ ਵਿਕਲਪ ਦੀ ਚੋਣ ਕੀਤੀ ਸੀ ਤਾਂ ਕੋਰਡ ਬਲੱਡ ਬੈਂਕ ਦੇ ਬਾਇਓਮੈਡੀਕਲ ਰਿਸਰਚ ਪ੍ਰੋਗਰਾਮ ਲਈ ਵਰਤਿਆ ਜਾ ਸਕਦਾ ਹੈ।

## ਰਿਸਰਚ ਦਾ ਵਿਕਲਪ

ਜੇ ਕਿਸੇ ਵੀ ਸਮੇਂ, ਕੋਰਡ ਬਲੱਡ ਬੈਂਕ ਇਹ ਨਿਰਣਾ ਕਰਦੀ ਹੈ ਕਿ ਕੋਰਡ ਬਲੱਡ ਬੈਂਕ ਦੇ ਰਿਸਰਚ ਪ੍ਰੋਗਰਾਮ ਦੇ ਤਹਿਤ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲਾਂ ਨੂੰ ਭਵਿੱਖ ਵਿੱਚ ਪ੍ਰਤੀਰੋਪਣ ਵਰਤੋਂ ਲਈ ਸਟੋਰ ਨਹੀਂ ਕੀਤਾ ਜਾ ਸਕਦਾ ਹੈ, ਤਾਂ ਵੀ ਕੋਰਡ ਬਲੱਡ ਬੈਂਕ ਦੇ ਰਿਸਰਚ ਪ੍ਰੋਗਰਾਮ ਤਹਿਤ ਉਹਨਾਂ ਦੀ ਵਰਤੋਂ ਬਾਇਓਮੈਡੀਕਲ ਖੋਜ ਲਈ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ, ਸਹਿ-ਉਤਪਾਦਾਂ (ਜਿਵੇਂ ਕਿ ਲਾਲ ਰਕਤਾਣੂੰ) ਜੋ ਕਿ ਸਟੋਰੇਜ ਦੀ ਤਿਆਰੀ ਦੌਰਾਨ ਨਾੜੂਏ ਦੇ ਖੂਨ ਵਿੱਚੋਂ ਕੱਢੇ ਜਾਂਦੇ ਹਨ, ਨੂੰ ਸੁੱਟਣ ਦੀ ਬਜਾਏ ਖੋਜ ਲਈ ਵਰਤਿਆ ਜਾ ਸਕਦਾ ਹੈ। "ਰਿਸਰਚ ਔਪਟ-ਇਨ" (Research Opt-In) ਬਾਕਸ 'ਤੇ ਸਹੀ ਦਾ ਨਿਸ਼ਾਨ ਲਗਾਓ ਤਾਂ ਕਿ ਕੋਰਡ ਬਲੱਡ ਬੈਂਕ, ਕੋਰਡ ਬਲੱਡ ਬੈਂਕ ਦੇ ਰਿਸਰਚ ਪ੍ਰੋਗਰਾਮ ਅਧੀਨ ਬਾਇਓਮੈਡੀਕਲ ਖੋਜ ਲਈ ਨਾੜੂਏ ਦੇ ਖੂਨ ਅਤੇ ਸਹਿ-ਉਤਪਾਦਾਂ ਦੀ ਵਰਤੋਂ ਜਾਂ ਵੰਡ ਕਰ ਸਕੇ। ਕਿਰਪਾ ਕਰਕੇ ਕੈਨੇਡੀਅਨ ਬਲੱਡ ਸਰਵਿਸਿਜ਼ ਦੇ ਬਾਇਓਮੈਡੀਕਲ ਖੋਜ ਲਈ ਨਾੜੂਏ ਦੇ ਖੂਨ ਦੇ ਦਾਨ ਵਾਸਤੇ ਕੋਰਡ ਬਲੱਡ ਬੈਂਕ ਬਾਰੇ ਜਾਣਕਾਰੀ ਪੰਨੇ ਨੂੰ ਪੜ੍ਹੋ।

ਤੁਹਾਨੂੰ ਕਿਸੇ ਹਸਪਤਾਲ ਦੇ ਕਿਸੇ ਖੋਜਕਰਤਾ ਦੁਆਰਾ ਖੋਜ ਵਿੱਚ ਹਿੱਸਾ ਲੈਣ ਲਈ ਕਿਹਾ ਜਾ ਸਕਦਾ ਹੈ ਜੋ ਹੋ ਸਕਦਾ ਹੈ ਕੋਰਡ ਬਲੱਡ ਬੈਂਕ ਨਾਲ ਸੰਬੰਧਿਤ ਨਾ ਹੋਵੇ, ਭਾਵੇਂ ਤੁਸੀਂ ਖੋਜ ਵਿਕਲਪ ਨੂੰ ਚੁਣਿਆ ਹੈ ਜਾਂ ਨਹੀਂ।

## ਲਾਗਤਾਂ ਅਤੇ ਭੁਗਤਾਨ-ਵਾਪਸੀਆਂ

**Unique Hospital ID Label**

# ਨਾੜੂਏ ਦਾ ਖੂਨ ਇਕੱਤਰ ਕਰਨ ਲਈ ਇਜਾਜ਼ਤ

ਕੋਰਡ ਬਲੱਡ ਬੈਂਕ ਨੂੰ ਨਾੜੂਏ ਦਾ ਖੂਨ ਦਾਨ ਕਰਨ ਦੀ ਕੋਈ ਲਾਗਤ ਨਹੀਂ ਹੈ। ਤੁਹਾਡੇ ਨਾੜੂਏ ਦੇ ਖੂਨ ਦੇ ਦਾਨ ਦੇ ਕਿਸੇ ਵੀ ਹਿੱਸੇ ਲਈ ਕੋਈ ਭੁਗਤਾਨ ਨਹੀਂ ਕੀਤਾ ਜਾਂਦਾ।

## ਸੰਭਾਵਿਤ ਫਾਇਦੇ

ਤੁਹਾਡੇ ਵੱਲੋਂ ਕੀਤਾ ਦਾਨ ਕਿਸੇ ਘਾਤਕ ਬਿਮਾਰੀ ਵਾਲੇ ਮਰੀਜ਼ ਨੂੰ ਸਿਹਤਮੰਦ ਜੀਵਨ ਦਾ ਮੌਕਾ ਦੇ ਸਕਦਾ ਹੈ।

Canadian Blood Services BLOOD PLASMA STEM CELLS ORGANS & TISSUES

Unique Hospital ID Label

# ਨਾੜੂਏ ਦਾ ਖੂਨ
# ਇਕੱਤਰ ਕਰਨ ਲਈ ਇਜਾਜ਼ਤ

## ਸੰਭਾਵੀ ਜੋਖਮ ਅਤੇ ਬੇਆਰਾਮੀਆਂ

ਨਾੜੂਏ ਦੇ ਖੂਨ ਦੇ ਦਾਨ ਨਾਲ ਸੰਬੰਧਿਤ ਕੋਈ ਮਹੱਤਵਪੂਰਨ ਜੋਖਮ ਨਹੀਂ ਹਨ। ਨਾੜੂਏ ਦੇ ਖੂਨ ਨੂੰ ਇਕੱਤਰ ਕਰਨਾ ਤੁਹਾਡੀ ਡੀਲਿਵਰੀ ਜਾਂ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਦੇਖਭਾਲ ਨੂੰ ਪ੍ਰਭਾਵਿਤ ਨਹੀਂ ਕਰੇਗਾ। ਨਾੜੂਏ ਦਾ ਖੂਨ ਤੁਹਾਡੇ ਬੱਚੇ ਦੀ ਡਿਲੀਵਰੀ ਤੋਂ ਬਾਅਦ ਨਾੜੂਏ ਤੋਂ ਇਕੱਠਾ ਕੀਤਾ ਜਾਂਦਾ ਹੈ। ਜੇ ਟੈਸਟ ਕਰਨ ਵਾਸਤੇ ਤੁਹਾਡੇ ਕੋਲੋਂ ਖੂਨ ਦੇ ਨਮੂਨੇ ਲਏ ਜਾਂਦੇ ਹਨ, ਤਾਂ ਲਏ ਗਏ ਖੂਨ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ (ਲਗਭਗ ਤਿੰਨ ਵੱਡੇ ਚਮਚ) ਅਤੇ ਇਸ ਨਾਲ ਤੁਹਾਡੀ ਸਿਹਤ 'ਤੇ ਕੋਈ ਅਸਰ ਨਹੀਂ ਪਵੇਗਾ। ਉਸ ਜਗ੍ਹਾ 'ਤੇ ਹਲਕਾ ਦਰਦ ਅਤੇ ਨੀਲ ਪੈਣ ਦਾ ਛੋਟਾ ਜਿਹਾ ਜੋਖਮ ਹੁੰਦਾ ਹੈ ਜਿੱਥੋਂ ਖੂਨ ਦਾ ਨਮੂਨਾ ਲਿਆ ਜਾਂਦਾ ਹੈ, ਸਿਰ ਹਲਕਾ-ਹਲਕਾ ਲੱਗ ਸਕਦਾ ਹੈ, ਸੰਭਾਵੀ ਤੌਰ 'ਤੇ ਬੇਹੋਸ਼ੀ ਹੋ ਸਕਦੀ ਹੈ ਅਤੇ, ਬਹੁਤ ਦੁਰਲੱਭ ਕੇਸਾਂ ਵਿੱਚ, ਲਾਗ ਲੱਗ ਸਕਦੀ ਹੈ।

## ਨਿੱਜੀ ਜਾਣਕਾਰੀ

ਤੁਸੀਂ ਕੋਰਡ ਬਲੱਡ ਬੈਂਕ ਦੇ ਸਟਾਫ਼ ਨੂੰ ਆਪਣੇ ਅਤੇ ਆਪਣੇ ਬੱਚੇ ਦੇ ਮੈਡੀਕਲ ਰਿਕਾਰਡਾਂ ਦੀ ਸਮੀਖਿਆ ਕਰਨ ਦੀ ਇਜਾਜ਼ਤ ਦਿੰਦੇ ਹੋ ਤਾਂ ਜੋ ਸਟੋਰੇਜ ਲਈ ਇੱਕਤਰੀਕਰਨ ਅਤੇ ਯੋਗਤਾ ਬਾਰੇ ਨਿਰਣੇ ਵਿੱਚ ਸਹਾਇਤਾ ਕੀਤੀ ਜਾ ਸਕੇ ਜਿਵੇਂ ਕਿ ਇਹ ਪਛਾਣ ਕਰਨ ਲਈ ਕਿ ਕੀ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਬਿਮਾਰੀਆਂ ਜਾਂ ਮੈਡੀਕਲ ਸਮੱਸਿਆਵਾਂ ਹਨ ਜੋ ਉਸ ਮਰੀਜ਼ ਨੂੰ ਦਿੱਤੀਆਂ ਜਾ ਸਕਦੀਆਂ ਹਨ ਜੋ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲ ਪ੍ਰਾਪਤ ਕਰ ਸਕਦਾ ਹੈ। ਨਿੱਜੀ ਜਾਣਕਾਰੀ ਇਕੱਤਰ ਕਰਨ, ਇਸਦੀ ਵਰਤੋਂ ਅਤੇ ਖੁਲਾਸੇ ਬਾਰੇ ਜਾਣਕਾਰੀ ਸਾਡੇ ਪਰਦੇਦਾਰੀ ਨੋਟਿਸ ਵਿੱਚ ਹੈ।

## ਮੈਂ ਵਧੇਰੇ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ/ਦੀ ਹਾਂ?

ਕੈਨੇਡੀਅਨ ਬਲੱਡ ਸਰਵਿਸਿਜ ਦੇ ਕੋਰਡ ਬਲੱਡ ਬੈਂਕ ਬਾਰੇ ਹੋਰ ਜਾਣਕਾਰੀ ਲਈ:

- ਇਸ ਲਿੰਕ 'ਤੇ ਸਾਡੀ ਵੈੱਬਸਾਈਟ ਦੇਖੋ: www.blood.ca/cordblood
- 1 888 2 DONATE (1-888-236-6283) 'ਤੇ ਕਾਲ ਕਰੋ
- ਈਮੇਲ cordblood@blood.ca

ਜੇ ਤੁਹਾਡੇ ਕੋਲ ਨਾੜੂਏ ਦੇ ਖੂਨ ਦੇ ਦਾਨ ਬਾਰੇ ਕੋਈ ਸਵਾਲ ਜਾਂ ਸ਼ੰਕੇ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਕੋਰਡ ਬਲੱਡ ਬੈਂਕ ਤੋਂ ਨਾਮ ਵਾਪਸ ਲੈਣਾ

ਕੋਰਡ ਬਲੱਡ ਬੈਂਕ ਵਿੱਚ ਤੁਹਾਡੀ ਭਾਗੀਦਾਰੀ ਸਵੈਇੱਛਤ ਹੈ। ਤੁਸੀਂ 1 888 2 DONATE (1-888-236-6283) 'ਤੇ ਕਾਲ ਕਰਕੇ ਕਿਸੇ ਵੀ ਸਮੇਂ ਨਾਮ ਵਾਪਸ ਲੈ ਸਕਦੇ ਹੋ। ਤੁਹਾਡੇ ਬੱਚੇ ਦੇ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲਾਂ ਨੂੰ ਰੱਦ ਕਰ ਦਿੱਤਾ ਜਾਵੇਗਾ ਜੇ ਉਹ ਪਹਿਲਾਂ ਹੀ ਪ੍ਰਤੀਰੋਪਣ, ਹੋਰ ਵਰਤੋਂ ਜਾਂ ਖੋਜ ਦੇ ਵਿਕਲਪ ਲਈ ਨਹੀਂ ਵਰਤੇ ਗਏ ਹਨ, ਜਿੱਥੇ ਲਾਗੂ ਹੁੰਦਾ ਹੈ। ਤੁਹਾਡੇ ਦੁਆਰਾ ਨਾਮ ਵਾਪਸ ਲੈਣ ਦੀ ਤਾਰੀਖ਼ ਤੱਕ ਕੈਨੇਡੀਅਨ ਬਲੱਡ ਸਰਵਿਸਜ਼ ਵੱਲੋਂ ਇਕੱਤਰ ਕੀਤੀ ਨਿੱਜੀ ਜਾਣਕਾਰੀ ਕੈਨੇਡੀਅਨ ਬਲੱਡ ਸਰਵਿਸਜ਼ ਦੇ ਰਿਕਾਰਡਾਂ ਦੇ ਅੰਦਰ ਰਹੇਗੀ ਪਰ ਤੁਹਾਡੇ ਜਾਂ ਤੁਹਾਡੇ ਬੱਚੇ ਬਾਰੇ ਕੋਈ ਵੀ ਹੋਰ ਜਾਣਕਾਰੀ ਇਕੱਤਰ ਨਹੀਂ ਕੀਤੀ ਜਾਵੇਗੀ, ਵਰਤੀ ਨਹੀਂ ਜਾਵੇਗੀ ਜਾਂ ਇਸ ਦਾ ਖੁਲਾਸਾ ਨਹੀਂ ਕੀਤਾ ਜਾਵੇਗਾ। ਤੁਹਾਡੀ ਸਹਿਮਤੀ ਵਾਪਸ ਲੈਣ ਦਾ ਕੈਨੇਡੀਅਨ ਬਲੱਡ ਸਰਵਿਸਜ਼ ਵੱਲੋਂ ਪਹਿਲਾਂ ਹੀ ਇਕੱਤਰ ਕੀਤੀ ਜਾ ਚੁੱਕੀ ਨਿੱਜੀ ਜਾਣਕਾਰੀ ਦੀ ਵਰਤੋਂ ਅਤੇ ਖੁਲਾਸੇ ਉੱਤੇ ਕੋਈ ਪ੍ਰਭਾਵ ਨਹੀਂ ਪਵੇਗਾ ਜਿਵੇਂ ਕਿ ਸਾਡੇ ਪਰਦੇਦਾਰੀ ਨੋਟਿਸ ਵਿੱਚ ਦੱਸਿਆ ਗਿਆ ਹੈ।

Canadian Blood Services

| |
|---|
| **Unique Hospital ID Label** |

# ਨਾੜੂਏ ਦਾ ਖੂਨ
# ਇਕੱਤਰ ਕਰਨ ਲਈ ਇਜਾਜ਼ਤ

***ਇਹ ਫਾਰਮ ਜਨਮ ਦੇਣ ਵਾਲੇ ਮਾਪੇ ਦੁਆਰਾ ਭਰਿਆ ਜਾਣਾ ਹੈ***

**ਨਸਲੀ-ਮੂਲ ਪਿਛੋਕੜ:** ਇਹ ਜਾਣਕਾਰੀ ਇੱਕ ਸੰਭਾਵੀ ਦਾਨੀ ਅਤੇ ਸਟੈਮ ਸੈੱਲ ਪ੍ਰਤੀਰੋਪਣ ਦੀ ਲੋੜ ਵਾਲੇ ਮਰੀਜ਼ ਦਾ ਮੇਲ ਕਰਾਉਣ ਵਿੱਚ ਮਦਦ ਕਰਦੀ ਹੈ।

**ਕਿਰਪਾ ਕਰਕੇ ਹਰੇਕ ਜੀਵ-ਵਿਗਿਆਨਕ ਮਾਪੇ ਦੀ ਸਭ ਤੋਂ ਵੱਧ ਪਛਾਣ ਕਰਨ ਵਾਲੇ ਕਿਸੇ ਇੱਕ ਨਸਲੀ-ਮੂਲ ਦੀ ਚੋਣ ਕਰੋ।**

| | ਅਰਬ | ਏਸ਼ੀਆਈ-ਕੇਂਦਰੀ | ਏਸ਼ੀਆਈ- | ਏਸ਼ੀਆਈ-ਉੱਤਰਪੂਰਬੀ | ਏਸ਼ੀਆਈ- | ਏਸ਼ੀਆਈ-ਦੱਖਣਪੂਰਬੀ | ਕਾਲੇ-ਅਫਰੀਕਨ | ਕਾਲੇ-ਕੈਰੀਬਿਅਨ | ਕਾਲੇ-ਹੋਰ | ਕਾਕੇਸ਼ਿਅਨ | ਚੀਨੀ | ਫਿਲੀਪੀਨੋ | ਫਸਟ ਨੇਸ਼ਨਜ਼ | ਹਿਸਪੈਨਿਕ | ਇਨੂਇਟ | ਯਹੂਦੀ-ਅਸ਼ਕੇਨਾਜ਼ੀ | ਯਹੂਦੀ-ਸੇਫਾਰਡਿਕ | ਮੇਟਿਸ | ਪੈਸੀਫਿਕ | ਬਹੁ-ਨਸਲੀ | ਅਗਿਆਤ | ਜਵਾਬ ਦੇਣ ਨੂੰ ਤਰਜੀਹ ਨਹੀਂ |
|---|---|---|---|---|---|---|---|---|---|---|---|---|---|---|---|---|---|---|---|---|---|---|
| ਜਨਮਦਾਤਾ ਮਾਪਾ | | | | | | | | | | | | | | | | | | | | | | |
| ਹੋਰ ਜੀਵ-ਵਿਗਿਆਨਕ ਮਾਪਾ | | | | | | | | | | | | | | | | | | | | | | |

## ਇਕੱਤਰ ਕਰਨ ਲਈ ਇਜਾਜ਼ਤ

ਮੈਂ ਨਾੜੂਏ ਦੇ ਖੂਨ ਦੇ ਦਾਨ ਬਾਰੇ ਜਾਣਕਾਰੀ ਪੜ੍ਹ ਅਤੇ ਸਮਝ ਲਈ ਹੈ। ਮੈਨੂੰ ਸਵਾਲ ਪੁੱਛਣ ਦਾ ਮੌਕਾ ਮਿਲਿਆ ਹੈ ਅਤੇ ਮੈਂ ਸਵਾਲਾਂ ਦੇ ਜਵਾਬਾਂ ਤੋਂ ਸੰਤੁਸ਼ਟ ਹਾਂ। ਨਾੜੂਏ ਦੇ ਖੂਨ ਦੇ ਦਾਨ ਬਾਰੇ ਕਿਸੇ ਵੀ ਸਵਾਲਾਂ ਜਾਂ ਸ਼ੰਕਿਆਂ ਲਈ ਮੈਨੂੰ ਇੱਕ ਸੁਤੰਤਰ ਸਿਹਤ ਦੇਖਭਾਲ ਪ੍ਰਦਾਤਾ (ਜਿਵੇਂ ਕਿ ਮੇਰਾ ਡਾਕਟਰ ਜਾਂ ਦਾਈ) ਤੱਕ ਪਹੁੰਚ ਮਿਲੀ ਹੈ।

ਮੈਂ ਇਸ ਫਾਰਮ ਵਿੱਚ ਦੱਸੇ ਗਏ ਉਦੇਸ਼ਾਂ ਲਈ ਜਣੇਪੇ ਤੋਂ ਬਾਅਦ ਖੂਨ ਦਾ ਨਮੂਨਾ ਲੈਣ ਲਈ ਅਤੇ ਸਟਾਫ ਨੂੰ ਮੇਰੇ ਮੈਡੀਕਲ ਰਿਕਾਰਡਾਂ ਅਤੇ ਮੇਰੇ ਬੱਚੇ ਦੇ ਮੈਡੀਕਲ ਰਿਕਾਰਡਾਂ ਦੀ ਸਮੀਖਿਆ ਕਰਨ ਦੀ ਇਜਾਜ਼ਤ ਦੇਣ ਲਈ ਆਪਣੀ ਮਰਜ਼ੀ ਨਾਲ ਸਹਿਮਤੀ ਦਿੰਦਾ/ਦੀ ਹਾਂ। ਮੈਂ ਪਰਦੇਦਾਰੀ ਨੋਟਿਸ ਵਿੱਚ ਦਰਸਾਏ ਅਨੁਸਾਰ ਮੇਰੀ ਨਿੱਜੀ ਜਾਣਕਾਰੀ ਅਤੇ ਮੇਰੇ ਬੱਚੇ ਦੀ ਨਿੱਜੀ ਜਾਣਕਾਰੀ ਨੂੰ ਇਕੱਠਾ ਕਰਨ, ਵਰਤਣ ਅਤੇ ਖੁਲਾਸਾ ਕਰਨ ਬਾਬਤ ਪੜ੍ਹਿਆ ਹੈ, ਸਮਝ ਲਿਆ ਹੈ ਅਤੇ ਸਹਿਮਤੀ ਦਿੱਤੀ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਮੈਂ ਆਪਣੀ ਸਹਿਮਤੀ ਕਿਵੇਂ ਵਾਪਸ ਲੈ ਸਕਦਾ/ਦੀ ਹਾਂ।

ਮੈਂ ਸਮਝਦਾ/ਦੀ ਹਾਂ ਕਿ ਮੈਨੂੰ ਕਿਸੇ ਹਸਪਤਾਲ ਖੋਜਕਰਤਾ ਦੁਆਰਾ ਖੋਜ ਵਿੱਚ ਹਿੱਸਾ ਲੈਣ ਲਈ ਕਿਹਾ ਜਾ ਸਕਦਾ ਹੈ ਜੋ ਹੋ ਸਕਦਾ ਹੈ ਕੋਰਡ ਬਲੱਡ ਬੈਂਕ ਨਾਲ ਸੰਬੰਧਿਤ ਨਾ ਹੋਵੇ, ਭਾਵੇਂ ਮੈਂ "ਰਿਸਰਚ ਔਪਟ-ਇਨ" ਬਾਕਸ ਵਿੱਚ ਸਹੀ ਦਾ ਨਿਸ਼ਾਨ ਲਾਇਆ ਸੀ ਜਾਂ ਨਹੀਂ।

**ਰਿਸਰਚ ਦਾ ਵਿਕਲਪ:** "ਰਿਸਰਚ ਔਪਟ-ਇਨ ਬਾਕਸ" 'ਤੇ ਨਿਸ਼ਾਨ ਲਗਾ ਕੇ, ਮੈਂ ਆਪਣੀ ਮਰਜ਼ੀ ਨਾਲ ਕੈਨੇਡੀਅਨ ਬਲੱਡ ਸਰਵਿਸਿਜ਼ ਨੂੰ ਮੇਰੇ ਨਾੜੂਏ ਦੇ ਖੂਨ ਦੇ ਦਾਨ ਨੂੰ, ਜੇ ਇਹ ਸਟੋਰੇਜ ਲਈ ਯੋਗ ਨਹੀਂ ਹੈ, ਅਤੇ ਹੋਰ ਸਹਿ-ਉਤਪਾਦਾਂ ਨੂੰ, ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਬਾਇਓਮੈਡੀਕਲ ਖੋਜ ਦੇ ਮਕਸਦਾਂ ਵਾਸਤੇ ਵਰਤਣ ਜਾਂ ਵੰਡਣ ਲਈ ਖੋਜਕਾਰਾਂ ਨੂੰ ਦੇਣ ਵਾਸਤੇ ਸਹਿਮਤੀ ਦਿੰਦਾ/ਦਿੰਦੀ ਹਾਂ। ਮੈਂ ਬਾਇਓਮੈਡੀਕਲ ਖੋਜ ਲਈ ਨਾੜੂਏ ਦੇ ਖੂਨ ਦੇ ਦਾਨ ਵਾਸਤੇ ਕੈਨੇਡੀਅਨ ਬਲੱਡ ਸਰਵਿਸਿਜ਼ ਦੀ ਕੋਰਡ ਬਲੱਡ ਬੈਂਕ ਬਾਰੇ ਜਾਣਕਾਰੀ ਪੜ੍ਹੀ ਹੈ ਅਤੇ ਮੈਨੂੰ ਸਵਾਲ ਪੁੱਛਣ ਦਾ ਮੌਕਾ ਮਿਲਿਆ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਕੈਨੇਡੀਅਨ ਬਲੱਡ ਸਰਵਿਸਿਜ਼ ਮੈਨੂੰ ਸੂਚਿਤ ਨਹੀਂ ਕਰੇਗੀ ਜੇ ਨਾੜੂਏ ਦੇ ਖੂਨ ਦੇ ਯੂਨਿਟ ਦੀ ਵਰਤੋਂ ਬਾਇਓਮੈਡੀਕਲ ਖੋਜ ਲਈ

Canadian Blood Services BLOOD PLASMA STEM CELLS ORGANS & TISSUES

**Unique Hospital ID Label**

# ਨਾੜੂਏ ਦਾ ਖੂਨ ਇਕੱਤਰ ਕਰਨ ਲਈ ਇਜਾਜ਼ਤ

ਕੀਤੀ ਜਾਂਦੀ ਹੈ, ਅਤੇ ਮੈਨੂੰ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਅਧੀਨ ਦਾਨ ਕੀਤੇ ਨਾੜੂਏ ਦੇ ਖੂਨ ਦੀ ਵਰਤੋਂ ਕਰਦੇ ਹੋਏ ਕੀਤੀ ਗਈ ਕਿਸੇ ਵੀ ਖੋਜ ਦੇ ਨਤੀਜੇ ਪ੍ਰਾਪਤ ਨਹੀਂ ਹੋਣਗੇ। ਦੁਰਲੱਭ ਮਾਮਲੇ ਵਿੱਚ ਜਦੋਂ ਕੋਈ ਖੋਜ ਪ੍ਰੋਜੈਕਟ ਕਿਸੇ ਅਣਕਿਆਸੀ ਲੱਭਤ ਦਾ ਖੁਲਾਸਾ ਕਰਦਾ ਹੈ ਜੋ ਮੇਰੇ ਲਈ ਮਹੱਤਵਪੂਰਨ ਹੋ ਸਕਦੀ ਹੈ, ਤਾਂ ਮੈਂ ਸਮਝਦਾ/ਸਮਝਦੀ ਹਾਂ ਕਿ ਕੈਨੇਡੀਅਨ ਬਲੱਡ ਸਰਵਿਸਿਜ਼ ਦੁਆਰਾ ਮੇਰੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਖੋਜ ਦੇ ਨਤੀਜੇ ਕੈਨੇਡੀਅਨ ਬਲੱਡ ਸਰਵਿਸਿਜ਼ ਦੀ ਵੈੱਬਸਾਈਟ 'ਤੇ ਪੋਸਟ ਕੀਤੇ ਜਾਣਗੇ।

☐ ***RESEARCH OPT-IN*** *(ਜੇ ਤੁਸੀਂ ਰਿਸਰਚ ਦੇ ਵਿਕਲਪ ਨਾਲ ਸਹਿਮਤ ਹੋ ਤਾਂ ਇਸ ਖਾਨੇ ਵਿੱਚ ਸਹੀ ਦਾ ਨਿਸ਼ਾਨ ਲਗਾਓ)*

| | | |
|---|---|---|
| (ਸਾਫ਼-ਸਾਫ਼ ਲਿਖਿਆ ਨਾਮ) | (ਦਸਤਖਤ) | (ਤਾਰੀਖ਼) |
| (ਪੋਸਟਲ ਕੋਡ) | (ਟੈਲੀਫ਼ੋਨ ਨੰਬਰ) | (ਈਮੇਲ, ਵਿਕਲਪਕ) |

| **For CBB Use Only:** |
|---|
| **Change of Information:** ☐ Name ☐ Address ☐ Postal Code ☐ Phone Number |
| Verification of information discrepancy from unique hospital unique ID label to documented information by birthing parent: |

CBU Unique ID Number

# ਪਰਦੇਦਾਰੀ ਨੋਟਿਸ

Canadian Blood Services
BLOOD PLASMA STEM CELLS ORGANS & TISSUES

**ਖੂਨ ਦਾਨੀਆਂ, ਸਟੈਮ ਸੈੱਲ ਰਜਿਸਟਰੀ ਦੇ ਭਾਗੀਦਾਰਾਂ ਲਈ ਅਤੇ ਕੈਨੇਡੀਅਨ ਬਲੱਡ ਸਰਵਿਸਜ਼ ਦੇ ਕੋਰਡ ਬਲੱਡ ਬੈਂਕ ਵਾਸਤੇ**

ਕੈਨੇਡੀਅਨ ਬਲੱਡ ਸਰਵਿਸਜ਼ ਵਿਖੇ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਰੱਖਿਆ ਕਰਨ ਲਈ ਦ੍ਰਿੜ ਸੰਕਲਪ ਹਾਂ। ਇਹ ਨੋਟਿਸ ਇਹ ਵਰਣਨ ਕਰਦਾ ਹੈ ਕਿ ਅਸੀਂ ਖੂਨ (ਉਦਾਹਰਨ ਲਈ, ਸਾਬਤ ਖੂਨ, ਪਲਾਜ਼ਮਾ, ਪਲੇਟਲੈੱਟ) ਦਾਨੀਆਂ ਅਤੇ ਸੰਭਾਵੀ ਦਾਨੀਆਂ, ਕੈਨੇਡੀਅਨ ਬਲੱਡ ਸਰਵਿਸਜ਼ ਦੀ ਸਟੈਮ ਸੈੱਲ ਰਜਿਸਟਰੀ ("ਸਟੈਮ ਸੈੱਲ ਰਜਿਸਟਰੀ") ਅਤੇ ਕੈਨੇਡੀਅਨ ਬਲੱਡ ਸਰਵਿਸਜ਼ ਦੀ ਕੋਰਡ ਬਲੱਡ ਬੈਂਕ ("ਕੋਰਡ ਬਲੱਡ ਬੈਂਕ") ਵਿਚਲੇ ਭਾਗੀਦਾਰਾਂ ਤੋਂ ਕਿਸ ਤਰ੍ਹਾਂ ਨਿੱਜੀ ਜਾਣਕਾਰੀ ਇਕੱਤਰ ਕਰਦੇ ਹਾਂ, ਵਰਤਦੇ ਹਾਂ ਅਤੇ ਇਸਦਾ ਖੁਲਾਸਾ ਕਰਦੇ ਹਾਂ। ਜੇ ਤੁਸੀਂ ਨਾੜੂਏ ਦੇ ਖੂਨ ਦੇ ਦਾਨੀ (cord blood donor) ਹੋ, ਤਾਂ ਹੇਠ ਲਿਖੇ ਵਿੱਚ ਤੁਹਾਡੇ ਬੱਚੇ ਦੀ ਨਿੱਜੀ ਜਾਣਕਾਰੀ ਸ਼ਾਮਲ ਹੈ, ਜਿਵੇਂ ਵੀ ਲਾਗੂ ਹੁੰਦਾ ਹੈ।

**ਅਸੀਂ ਕਿਹੜੀ ਨਿੱਜੀ ਜਾਣਕਾਰੀ ਇਕੱਤਰ ਕਰਦੇ ਹਾਂ**
ਕੈਨੇਡੀਅਨ ਬਲੱਡ ਸਰਵਿਸਜ਼ ਹੇਠ ਲਿਖੀ ਨਿੱਜੀ ਜਾਣਕਾਰੀ ਇਕੱਤਰ ਕਰ ਸਕਦੀ ਹੈ:

- ਸੰਪਰਕ ਅਤੇ ਜਨਅੰਕੜਿਆਂ ਬਾਰੇ ਜਾਣਕਾਰੀ, ਜਿਸ ਵਿੱਚ ਤੁਹਾਡੇ ਸਿਹਤ-ਸੰਭਾਲ ਪ੍ਰਦਾਨਕ ਬਾਰੇ ਸੰਪਰਕ ਜਾਣਕਾਰੀ ਵੀ ਸ਼ਾਮਲ ਹੈ, ਜਿਵੇਂ ਵੀ ਲਾਗੂ ਹੁੰਦਾ ਹੈ;
- ਸਮਾਜਕ ਅਤੇ ਸਿਹਤ ਸੰਬੰਧੀ ਸਵਾਲਾਂ ਦੇ ਜਵਾਬ;
- ਦਾਨ ਤੋਂ ਬਾਅਦ ਵਾਲੀ ਜਾਣਕਾਰੀ ਅਤੇ ਤੁਹਾਡੇ ਦਾਨ ਦਾ ਇਤਿਹਾਸ, ਜਿਸ ਵਿੱਚ ਦਾਨ ਕਰਨ ਦੀ ਤੁਹਾਡੀ ਅਯੋਗਤਾ ਨਾਲ ਸੰਬੰਧਿਤ ਜਾਣਕਾਰੀ ਵੀ ਸ਼ਾਮਲ ਹੈ, ਜੇ ਲਾਗੂ ਹੁੰਦਾ ਹੈ;
- ਤੁਹਾਡੇ ਖੂਨ, ਨਾੜੂਏ ਦੇ ਖੂਨ ਜਾਂ ਮੂੰਹ ਤੋਂ ਲਏ ਨਮੂਨਿਆਂ (buccal swabs) ਦੇ ਟੈਸਟ ਨਤੀਜੇ, ਜਿਵੇਂ ਵੀ ਲਾਗੂ ਹੁੰਦਾ ਹੈ। ਇਹਨਾਂ ਟੈਸਟ ਦੇ ਨਤੀਜਿਆਂ ਵਿੱਚ ਬਲੱਡ ਗਰੁੱਪਾਂ ਵਾਸਤੇ ਟੈਸਟ ਵੀ ਸ਼ਾਮਲ ਹੋ ਸਕਦੇ ਹਨ, ਜਿਸ ਵਿੱਚ ਹਿਊਮਨ ਲਿਊਕੋਸਾਈਟ ਐਂਟੀਜੈੱਨ (HLA) ਟਾਈਪਿੰਗ, ਅਤੇ ਸੰਕਰਮਣਯੋਗ ਲਾਗ ਦੇ ਮਾਰਕਰ ਸ਼ਾਮਲ ਹਨ; ਅਤੇ
- ਤੁਹਾਡੇ ਜਾਂ ਤੁਹਾਡੇ ਸਿਹਤ-ਸੰਭਾਲ ਪ੍ਰਦਾਨਕ ਕੋਲੋਂ ਸਿਹਤ ਸੰਬੰਧੀ ਜਾਣਕਾਰੀ, ਜਿਵੇਂ ਵੀ ਲੋੜ ਪੈਂਦੀ ਹੈ।

**ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ**
ਕੈਨੇਡੀਅਨ ਬਲੱਡ ਸਰਵਿਸਜ਼, ਆਪਣੇ ਦਾਨ ਦੇ ਪ੍ਰੋਗਰਾਮਾਂ ਵਿੱਚ ਭਾਗੀਦਾਰੀ ਕਰਨ ਲਈ ਤੁਹਾਡੀ ਯੋਗਤਾ ਦਾ ਮੁਲਾਂਕਣ ਕਰਨ ਵਾਸਤੇ, ਲੋੜਵੰਦ ਮਰੀਜ਼ਾਂ ਨਾਲ ਤੁਹਾਡੀ ਅਨੁਰੂਪਤਾ ਦਾ ਮੁਲਾਂਕਣ ਕਰਨ ਅਤੇ ਇਸਦਾ ਮੇਲ ਕਰਾਉਣ ਵਾਸਤੇ, ਅਤੇ ਖੂਨ, ਖੂਨ ਦੇ ਉਤਪਾਦਾਂ, ਨਾੜੂਏ ਦੇ ਖੂਨ ਅਤੇ ਸਟੈਮ ਸੈੱਲਾਂ ਦੀ ਗੁਣਵੱਤਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਵਾਸਤੇ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਰਦੀ ਹੈ। ਤੁਹਾਡੀ ਨਿੱਜੀ ਜਾਣਕਾਰੀ ਨਿਮਨਲਿਖਤ ਵਾਸਤੇ ਵੀ ਵਰਤੀ ਜਾ ਸਕਦੀ ਹੈ:

- ਤੁਹਾਡੇ ਨਾਲ ਸੰਪਰਕ ਕਰਨ ਵਾਸਤੇ ਜੇ ਤੁਹਾਡੀ ਪਛਾਣ ਕਿਸੇ ਮਰੀਜ਼ ਲਈ ਸੰਭਾਵੀ ਮੇਲ ਵਜੋਂ ਕੀਤੀ ਜਾਂਦੀ ਹੈ, ਜਿਵੇਂ ਵੀ ਲਾਗੂ ਹੁੰਦਾ ਹੈ;
- ਜੇ ਲੋੜ ਪਵੇ ਤਾਂ ਤੁਹਾਨੂੰ ਇੱਕ ਮੂੰਹ ਵਿੱਚੋਂ ਨਮੂਨਾ ਲੈਣ ਦੀ ਕਿੱਟ (buccal swab kit) ਭੇਜਣ ਵਾਸਤੇ;
- ਸੰਬੰਧਿਤ ਸਿਹਤ ਮਸਲਿਆਂ ਬਾਰੇ ਤੁਹਾਡੇ ਨਾਲ ਸੰਪਰਕ ਕਰਨ ਵਾਸਤੇ, ਜਿਵੇਂ ਵੀ ਲਾਗੂ ਹੁੰਦਾ ਹੈ;
- ਤੁਹਾਡੇ ਸਿਹਤ-ਸੰਭਾਲ ਪ੍ਰਦਾਨਕ ਨਾਲ ਸੰਪਰਕ ਕਰਨ ਵਾਸਤੇ, ਜਿਵੇਂ ਵੀ ਲੋੜ ਪੈਂਦੀ ਹੈ;
- ਸਾਡੇ ਪ੍ਰੋਗਰਾਮਾਂ ਵਿੱਚ ਭਾਗ ਲੈਣ ਲਈ ਹੋਰ ਮੌਕਿਆਂ ਸੰਬੰਧੀ ਤੁਹਾਡੇ ਨਾਲ ਸੰਪਰਕ ਕਰਨ ਵਾਸਤੇ;
- ਖੂਨ ਦੀਆਂ ਕਮੀਆਂ ਦੀ ਸੂਰਤ ਵਿੱਚ ਤੁਹਾਡੇ ਨਾਲ ਸੰਪਰਕ ਕਰਨ ਵਾਸਤੇ;
- ਸਾਡੇ ਪ੍ਰੋਗਰਾਮਾਂ ਨੂੰ ਬਿਹਤਰ ਅਤੇ ਵਧੇਰੇ ਸੁਯੋਗ ਬਣਾਉਣ ਵਾਸਤੇ, ਸਟਾਫ਼ ਅਤੇ ਹੋਰ ਲੋਕਾਂ ਨੂੰ ਸਿੱਖਿਆ ਅਤੇ ਸਿਖਲਾਈ ਦੇਣ ਵਾਸਤੇ;
- ਤੁਹਾਡੇ ਖਾਤਿਆਂ ਦਾ ਪ੍ਰਬੰਧਨ ਕਰਨ ਅਤੇ ਤੁਹਾਡੀਆਂ ਪੁੱਛਗਿੱਛਾਂ ਦਾ ਜਵਾਬ ਦੇਣ ਵਾਸਤੇ;
- ਕੈਨੇਡੀਅਨ ਬਲੱਡ ਸਰਵਿਸਜ਼ ਦੇ ਸਨਮਾਨ ਸਮਾਰੋਹਾਂ ਵਿਖੇ ਤੁਹਾਡਾ ਸਨਮਾਨ ਕਰਨ ਵਾਸਤੇ ਅਤੇ ਇੱਕ ਦਾਨੀ ਜਾਂ ਭਾਗੀਦਾਰ ਵਜੋਂ ਤੁਹਾਡੇ ਯੋਗਦਾਨਾਂ ਨੂੰ ਮਾਨਤਾ ਦੇਣ ਵਾਸਤੇ;
- ਪ੍ਰਤੀਯੋਗਤਾਵਾਂ, ਪ੍ਰਚਾਰਾਂ, ਸਰਵੇਖਣਾਂ, ਅਤੇ ਵਾਰਤਾਲਾਪਾਂ ਵਿੱਚ ਤੁਹਾਡੀ ਭਾਗੀਦਾਰੀ ਨੂੰ ਯੋਗ ਬਣਾਉਣ ਵਾਸਤੇ;

- ਤੁਹਾਡੀ ਨਿੱਜੀ ਜਾਣਕਾਰੀ ਨੂੰ ਸ਼ਨਾਖਤ-ਮੁਕਤ ਕਰਨ ਵਾਸਤੇ: ਸ਼ਨਾਖਤ-ਮੁਕਤੀ ਨਾਮ, ਪਤਾ ਅਤੇ ਫ਼ੋਨ ਨੰਬਰ ਵਰਗੇ ਨਿੱਜੀ ਪਛਾਣ-ਕਾਰਕਾਂ ਨੂੰ ਹਟਾਉਣ ਦੀ ਪ੍ਰਕਿਰਿਆ ਹੈ;
- ਉਸ ਖੋਜ ਨੂੰ ਕਰਨ ਵਾਸਤੇ ਜਿਸਨੂੰ ਨੈਤਿਕ ਤੌਰ 'ਤੇ ਮਨਜ਼ੂਰ ਕੀਤਾ ਜਾ ਚੁੱਕਾ ਹੈ;
- ਸਾਡੇ ਕਾਰਜ-ਸਥਾਨ ਦੀ ਸੁਰੱਖਿਆ ਬਰਕਰਾਰ ਰੱਖਣ ਵਾਸਤੇ;
- ਅਚਾਨਕ ਤੁਹਾਡੇ ਦਾਨ ਜਾਂ ਨਮੂਨਿਆਂ ਦੇ ਸੰਪਰਕ ਵਿੱਚ ਆਉਣ ਦੀ ਸੂਰਤ ਵਿੱਚ ਤੁਹਾਡੇ ਟੈਸਟ ਦੇ ਨਤੀਜਿਆਂ ਤੱਕ ਪਹੁੰਚ ਕਰਨ ਵਾਸਤੇ, ਜੋ ਵੀ ਲਾਗੂ ਹੁੰਦਾ ਹੈ;
- ਖੋਜ ਵਿੱਚ ਭਾਗ ਲੈਣ ਲਈ ਮੌਕਿਆਂ ਬਾਰੇ ਤੁਹਾਡੇ ਨਾਲ ਸੰਪਰਕ ਕਰਨ ਵਾਸਤੇ;
- ਫ਼ੰਡ ਇਕੱਤਰ ਕਰਨ ਦੇ ਮਕਸਦਾਂ ਲਈ ਤੁਹਾਡੇ ਨਾਲ ਸੰਪਰਕ ਕਰਨ ਵਾਸਤੇ। ਜੇ ਤੁਸੀਂ ਸਾਡੀ ਫ਼ੰਡ ਇਕੱਤਰ ਕਰਨ ਲਈ ਸੰਪਰਕ ਸੂਚੀ ਤੋਂ ਆਪਣਾ ਨਾਮ ਵਾਪਸ ਲੈਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ 1 888 2 DONATE (1.888.236.6283) 'ਤੇ ਕਾਲ ਕਰੋ;
- ਕਨੂੰਨੀ ਅਤੇ ਅਧਿਨਿਯਮਕ ਲੋੜਾਂ ਦੀ ਤਾਮੀਲ ਕਰਨ ਵਾਸਤੇ; ਅਤੇ
- ਕਨੂੰਨ ਵੱਲੋਂ ਇਜਾਜ਼ਤ ਦਿੱਤੇ ਜਾਂਦੇ ਜਾਂ ਲੋੜੇ ਜਾਂਦੇ ਹੋਰ ਮਕਸਦਾਂ ਵਾਸਤੇ ਜਾਂ ਹੋਰ ਵਾਜਬ ਮਕਸਦਾਂ ਵਾਸਤੇ।
- **ਕੇਵਲ ਕੋਰਡ ਬਲੱਡ ਬੈਂਕ ਦੇ ਭਾਗੀਦਾਰਾਂ ਲਈ:** ਤੁਹਾਡੇ ਬੱਚੇ ਦੀ ਸਿਹਤ ਬਾਰੇ ਪੁੱਛਗਿੱਛ ਕਰਨ ਵਾਸਤੇ ਬੱਚੇ ਦੇ ਜਨਮ ਤੋਂ ਬਾਅਦ ਤੁਹਾਡੇ ਨਾਲ ਸੰਪਰਕ ਕਰਨ ਲਈ।

ਕੈਨੇਡੀਅਨ ਬਲੱਡ ਸਰਵਿਸਜ਼ ਤੁਹਾਡੀ ਨਿੱਜੀ ਜਾਣਕਾਰੀ ਨਹੀਂ ਵੇਚਦੀ।

### ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਸਦੇ ਨਾਲ ਸਾਂਝੀ ਕਰਦੇ ਹਾਂ

ਤੁਹਾਡੀ ਨਿੱਜੀ ਜਾਣਕਾਰੀ ਇਹਨਾਂ ਨਾਲ ਸਾਂਝੀ ਕੀਤੀ ਜਾ ਸਕਦੀ ਹੈ:

- ਜਨਤਕ ਸਿਹਤ ਅਥਾਰਟੀਆਂ;
- ਬਲੱਡ ਸਪਲਾਈ ਸਿਸਟਮ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਹੋਰ ਕੈਨੇਡੀਅਨ ਬਲੱਡ ਆਪਰੇਟਰਾਂ ਨਾਲ;
- ਸੰਬੰਧਿਤ ਸਿਹਤ ਮਾਮਲਿਆਂ ਬਾਰੇ ਤੁਹਾਡੇ ਸਿਹਤ-ਸੰਭਾਲ ਪ੍ਰਦਾਨਕ ਨਾਲ, ਜਿਵੇਂ ਵੀ ਲਾਗੂ ਹੁੰਦਾ ਹੈ;
- ਤੁਹਾਡੇ ਦਾਨ ਵਿੱਚ ਤਾਲਮੇਲ ਬਿਠਾਉਣ ਲਈ ਹੋਰ ਕੈਨੇਡੀਅਨ ਹਸਪਤਾਲਾਂ ਨਾਲ, ਜਿਵੇਂ ਵੀ ਲਾਗੂ ਹੁੰਦਾ ਹੈ;
- ਕੈਨੇਡੀਅਨ ਹਸਪਤਾਲ ਅਤੇ ਰਜਿਸਟਰੀਆਂ, ਅਤੇ ਅੰਤਰਰਾਸ਼ਟਰੀ ਰਜਿਸਟਰੀਆਂ ਨਾਲ, ਜਿਵੇਂ ਵੀ ਲਾਗੂ ਹੁੰਦਾ ਹੈ, ਮੇਲ ਕਰਵਾਉਣ ਦੇ ਮਕਸਦਾਂ ਵਾਸਤੇ। ਜਦੋਂ ਜਾਣਕਾਰੀ ਦਾ ਖੁਲਾਸਾ ਕੀਤਾ ਜਾਂਦਾ ਹੈ ਤਾਂ ਅਸੀਂ ਇੱਕ ਵਿਲੱਖਣ ਪਛਾਣ-ਕਾਰਕ (identifier) ਦੀ ਵਰਤੋਂ ਕਰਕੇ ਤੁਹਾਡਾ ਹਵਾਲਾ ਦੇਵਾਂਗੇ;
- ਖੋਜਕਾਰਾਂ ਨਾਲ ਬਸ਼ਰਤੇ ਕਿ ਖੋਜ ਨੂੰ ਨੈਤਿਕ ਤੌਰ 'ਤੇ ਮਨਜ਼ੂਰੀ ਦਿੱਤੀ ਗਈ ਹੈ ਅਤੇ ਇਹ ਕਨੂੰਨੀ ਅਤੇ ਅਧਿਨਿਯਮਕ ਲੋੜਾਂ ਦੀ ਪੂਰਤੀ ਕਰਦੀ ਹੈ;
- ਕੈਨੇਡੀਅਨ ਬਲੱਡ ਸਰਵਿਸਜ਼ ਨੂੰ ਮਾਨਤਾ ਦੇਣ ਵਾਲੀਆਂ ਅਤੇ ਅਧਿਨਯਮਕ ਸੰਸਥਾਵਾਂ ਦੇ ਲੇਖਾ-ਪ੍ਰੀਖਿਅਕਾਂ ਨਾਲ; ਅਤੇ
- ਕਨੂੰਨ ਵੱਲੋਂ ਦਿੱਤੀ ਜਾਂਦੀ ਇਜਾਜ਼ਤ ਜਾਂ ਲੋੜ ਅਨੁਸਾਰ ਹੋਰਾਂ ਨਾਲ।
- **ਸਿਰਫ਼ ਸਟੈੱਮ ਸੈੱਲ ਰਜਿਸਟਰੀ ਦੇ ਭਾਗੀਦਾਰਾਂ ਲਈ:** ਜੇ ਤੁਹਾਡੀ ਪਛਾਣ ਕਿਸੇ ਮਰੀਜ਼ ਲਈ ਇੱਕ ਸੰਭਾਵੀ ਮੇਲ਼ ਵਜੋਂ ਕੀਤੀ ਗਈ ਹੈ ਅਤੇ ਅਸੀਂ ਤੁਹਾਡਾ ਟਿਕਾਣਾ ਲੱਭਣ ਦੇ ਅਯੋਗ ਹਾਂ, ਤਾਂ ਤੁਹਾਡੀ ਸੰਪਰਕ ਜਾਣਕਾਰੀ ਅਤੇ ਜਨਮ ਤਾਰੀਖ਼ ਦਾ ਖੁਲਾਸਾ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੂੰ ਕੀਤਾ ਜਾਵੇਗਾ ਤਾਂ ਜੋ ਉਹ ਤੁਹਾਡਾ ਟਿਕਾਣਾ ਲੱਭਣ ਦੀ ਕੋਸ਼ਿਸ਼ ਕਰ ਸਕਣ।

### ਤੁਹਾਡੀ ਨਿੱਜੀ ਜਾਣਕਾਰੀ ਦੀ ਰੱਖਿਆ ਕਰਨਾ

ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਸਿਰਫ਼ ਉਹਨਾਂ ਲੋਕਾਂ ਤੱਕ ਸੀਮਤ ਹੈ ਜਿਨ੍ਹਾਂ ਨੂੰ ਕੈਨੇਡੀਅਨ ਬਲੱਡ ਸਰਵਿਸਜ਼ ਦੇ ਸੰਬੰਧ ਵਿੱਚ ਖਾਸ ਕਰਤੱਵ ਨਿਭਾਉਣ ਲਈ ਇਸ ਤੱਕ ਪਹੁੰਚ ਦੀ ਲੋੜ ਹੁੰਦੀ ਹੈ। ਅਸੀਂ ਤੀਜੀ ਧਿਰ ਦੇ ਸੇਵਾ ਪ੍ਰਦਾਨਕਾਂ ਦੀ ਵਰਤੋਂ ਕਰ ਸਕਦੇ ਹਾਂ, ਇਸ ਵਿੱਚ ਕੈਨੇਡਾ ਤੋਂ ਬਾਹਰਲੇ ਸੇਵਾ ਪ੍ਰਦਾਨਕ ਵੀ ਸ਼ਾਮਲ ਹਨ। ਕੁਝ ਮਾਮਲਿਆਂ ਵਿੱਚ, ਇਹ ਸੇਵਾ ਪ੍ਰਦਾਨਕ ਸਿੱਧੇ ਤੌਰ 'ਤੇ ਤੁਹਾਡੀ ਨਿੱਜੀ ਜਾਣਕਾਰੀ ਨੂੰ ਤੁਹਾਡੇ ਕੋਲੋਂ ਇਕੱਤਰ ਕਰ

# ਪਰਦੇਦਾਰੀ ਨੋਟਿਸ

Canadian Blood Services BLOOD PLASMA STEM CELLS ORGANS & TISSUES

ਸਕਦੇ ਹਨ ਅਤੇ ਤੁਹਾਡੀ ਨਿੱਜੀ ਜਾਣਕਾਰੀ ਉਹਨਾਂ ਦੀਆਂ ਪਰਦੇਦਾਰੀ ਨੀਤੀਆਂ ਦੇ ਅਧੀਨ ਹੋ ਸਕਦੀ ਹੈ। ਸਾਰੇ ਪ੍ਰਦਾਨਕ ਆਪਣੇ ਇਕਰਾਰਨਾਮੇ ਤਹਿਤ ਤੁਹਾਡੀ ਨਿੱਜੀ ਜਾਣਕਾਰੀ ਦੀ ਰੱਖਿਆ ਕਰਨ ਅਤੇ ਸਿਰਫ਼ ਉਸੇ ਨਿੱਜੀ ਜਾਣਕਾਰੀ ਨੂੰ ਇਕੱਤਰ ਕਰਨ, ਵਰਤਣ ਅਤੇ ਖੁਲਾਸਾ ਕਰਨ ਦੇ ਪਾਬੰਦ ਹਨ ਜਿਸਦੀ ਉਹਨਾਂ ਨੂੰ ਕੈਨੇਡੀਅਨ ਬਲੱਡ ਸਰਵਿਸਜ਼ ਵਾਸਤੇ, ਜਾਂ ਉਹਨਾਂ ਦੀ ਤਰਫੋਂ ਸੇਵਾਵਾਂ ਪ੍ਰਦਾਨ ਕਰਾਉਣ ਵਾਸਤੇ ਲੋੜ ਪੈਂਦੀ ਹੈ।

## ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨਾ ਜਾਂ ਇਸ ਵਿੱਚ ਸੋਧ ਕਰਵਾਉਣਾ

ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨ ਜਾਂ ਇਸ ਵਿੱਚ ਸੋਧਾਂ ਦੀ ਬੇਨਤੀ ਕਰਨ ਲਈ, ਕਿਰਪਾ ਕਰਕੇ blood.ca 'ਤੇ ਸਾਡੇ Privacy/Legal page ਨੂੰ ਦੇਖੋ। ਕੈਨੇਡੀਅਨ ਬਲੱਡ ਸਰਵਿਸਜ਼ ਤੁਹਾਡੀ ਸੰਪਰਕ ਜਾਣਕਾਰੀ ਵਿੱਚ ਸੋਧ ਕਰਨ ਲਈ ਇੱਕ ਔਨਲਾਈਨ 'ਆਪਣਾ ਪਤਾ ਬਦਲੋ' ਫ਼ਾਰਮ ਦੀ ਪੇਸ਼ਕਸ਼ ਕਰਦੀ ਹੈ ਅਤੇ ਕਿਸੇ ਵੀ ਸਮੇਂ ਤੁਸੀਂ ਆਪਣੀ ਸੰਪਰਕ ਜਾਣਕਾਰੀ ਨੂੰ ਇਹਨਾਂ ਦੇ ਰਾਹੀਂ ਅੱਪਡੇਟ ਕਰ ਸਕਦੇ ਹੋ: 1 888 2 DONATE (1.888.236.6283) 'ਤੇ ਕਾਲ ਕਰਕੇ ਜਾਂ ਫਿਰ ਈਮੇਲ: feedback@blood.ca ਜਾਂ blood.ca 'ਤੇ ਸਾਡੀ ਔਨਲਾਈਨ ਚੈਟ ਵਿਸ਼ੇਸ਼ਤਾ ਰਾਹੀਂ।

## ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ

ਇਸ ਨੋਟਿਸ ਬਾਰੇ ਸਵਾਲਾਂ ਜਾਂ ਸ਼ੰਕਿਆਂ ਵਾਸਤੇ, ਕਿਰਪਾ ਕਰਕੇ ਕੈਨੇਡੀਅਨ ਬਲੱਡ ਸਰਵਿਸਜ਼ ਦੇ 'ਪ੍ਰਾਈਵੇਸੀ ਐਂਡ ਕੰਪਲਾਇੰਸ' ਆਫਿਸ ਨਾਲ ਇੱਥੇ ਸੰਪਰਕ ਕਰੋ: ਟੌਲ-ਫ੍ਰੀ: 1.877.262.9191 ਈਮੇਲ: privacy@blood.ca.

ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਕੈਨੇਡੀਅਨ ਬਲੱਡ ਸਰਵਿਸਜ਼ ਦੁਆਰਾ ਤੁਹਾਡੇ ਸ਼ੰਕਿਆਂ ਦਾ ਹੱਲ ਨਹੀਂ ਕੀਤਾ ਗਿਆ ਤਾਂ ਤੁਹਾਨੂੰ ਆਪਣੇ ਸੂਬੇ ਦੇ 'ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ' ਜਾਂ ਲੋਕਪਾਲ ਨਾਲ ਸੰਪਰਕ ਕਰਨ ਦਾ ਅਧਿਕਾਰ ਹੈ।

# ਕੈਨੇਡੀਅਨ ਬਲੱਡ ਸਰਵਿਸਜ਼ ਦੀ ਕੋਰਡ ਬਲੱਡ ਬੈਂਕ

# ਜੀਵ-ਡਾਕਟਰੀ ਖੋਜ ਵਾਸਤੇ ਨਾੜੂਏ ਦੇ ਖੂਨ ਦੇ ਦਾਨ ਲਈ ਜਾਣਕਾਰੀ

**Canadian Blood Services Stem Cell Registry**
1800 Alta Vista Drive, Ottawa, ON, CANADA K1G 4J5
**T** 1-613-739-2435 **F** 1-613-739-2275
Toll free: 1-866-233-2445
www.blood.ca

# ਕੈਨੇਡੀਅਨ ਬਲੱਡ ਸਰਵਿਸਜ਼ ਦੀ ਕੋਰਡ ਬਲੱਡ ਬੈਂਕ
# ਜੀਵ-ਡਾਕਟਰੀ ਖੋਜ ਵਾਸਤੇ ਨਾੜੂਏ ਦੇ ਖੂਨ ਦੇ ਦਾਨ ਲਈ ਜਾਣਕਾਰੀ

**ਇਸ ਪੰਨੇ ਵਿੱਚ ਕੈਨੇਡੀਅਨ ਬਲੱਡ ਸਰਵਿਸਿਜ਼ ਦੇ ਕੋਰਡ ਬਲੱਡ ਬੈਂਕ ("ਕੋਰਡ ਬਲੱਡ ਬੈਂਕ") ਦੇ ਖੋਜ ਪ੍ਰੋਗਰਾਮ ਵਾਸਤੇ ਨਾੜੂਏ ਦਾ ਖੂਨ ਦਾਨ ਕਰਨ ਬਾਰੇ ਜਾਣਕਾਰੀ ਹੈ।**

ਨਾੜੂਏ ਦੇ ਖੂਨ ਦੀ ਵਰਤੋਂ ਕਰਦੇ ਹੋਏ ਕੀਤੀ ਜਾਂਦੀ ਜੀਵ-ਡਾਕਟਰੀ ਖੋਜ, ਖੂਨ ਦੇ ਸਟੈਮ ਸੈੱਲ ਪ੍ਰਤੀਰੋਪਣ ਅਤੇ ਨਾੜੂਏ ਦੇ ਖੂਨ ਦੇ ਇਕੱਤਰੀਕਰਨ, ਨਿਰਮਾਣ ਅਤੇ ਸਟੋਰੇਜ ਦੀਆਂ ਪ੍ਰਕਿਰਿਆਵਾਂ ਬਾਰੇ ਗਿਆਨ ਵਧਾ ਸਕਦੀ ਹੈ। ਕੁਝ ਖੋਜਕਰਤਾ ਬਿਮਾਰੀਆਂ ਲਈ ਨਵੇਂ ਇਲਾਜਾਂ ਨੂੰ ਨਿਰਧਾਰਤ ਕਰਨ ਜਾਂ ਵਿਕਸਿਤ ਕਰਨ ਲਈ, ਜਾਂ ਇਹ ਸਮਝਣ ਲਈ ਕਿ ਸਟੈਮ ਸੈੱਲ ਕਿਵੇਂ ਕੰਮ ਕਰਦੇ ਹਨ (ਜਿਵੇਂ, ਜੀਨ ਸਮੀਕਰਨ) ਨਾੜੂਏ ਦੇ ਖੂਨ ਤੋਂ ਮਿਲੇ ਸਟੈਮ ਸੈੱਲਾਂ ਦਾ ਅਧਿਐਨ ਕਰ ਰਹੇ ਹਨ। ਹੋਰ ਖੋਜਕਰਤਾ ਖੋਜ ਲਈ ਨਾੜੂਏ ਦੇ ਖੂਨ ਦੀ ਵਰਤੋਂ ਕਰ ਸਕਦੇ ਹਨ (ਸਟੈੱਮ ਸੈੱਲਾਂ ਨਾਲ ਸੰਬੰਧਿਤ ਨਹੀਂ) ਜੋ ਭਵਿੱਖ ਵਿੱਚ ਡਾਕਟਰੀ ਦੇਖਭਾਲ ਵਿੱਚ ਸੁਧਾਰ ਲਿਆ ਸਕਦਾ ਹੈ।

***ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਅਧੀਨ ਕੋਰਡ ਬਲੱਡ ਬੈਂਕ ਨੂੰ ਖੋਜ ਲਈ ਦਾਨ ਕੀਤੇ ਗਏ ਖੂਨ ਦੀ ਵਰਤੋਂ ਕਦੋਂ ਕੀਤੀ ਜਾਵੇਗੀ?***

ਜੇ ਨਾੜੂਏ ਦਾ ਖੂਨ ਕੋਰਡ ਬਲੱਡ ਬੈਂਕ ਦੀਆਂ ਯੋਗਤਾ ਲੋੜਾਂ ਨੂੰ ਪੂਰਾ ਨਹੀਂ ਕਰਦਾ ਹੈ, ਤਾਂ ਨਿਰਮਾਣ ਪ੍ਰਕਿਰਿਆ ਦੁਆਰਾ ਵੱਖ-ਵੱਖ ਪੜਾਵਾਂ 'ਤੇ ਇਹ ਸਟੋਰੇਜ ਲਈ ਅਢੁਕਵਾਂ ਪਾਇਆ ਜਾ ਸਕਦਾ ਹੈ। ਜੇ ਕਿਸੇ ਵੀ ਸਮੇਂ, ਕੋਰਡ ਬਲੱਡ ਬੈਂਕ ਇਹ ਨਿਰਣਾ ਕਰਦੀ ਹੈ ਕਿ ਕੋਰਡ ਬਲੱਡ ਬੈਂਕ ਦੇ ਰਿਸਰਚ ਪ੍ਰੋਗਰਾਮ ਦੇ ਤਹਿਤ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲਾਂ ਨੂੰ ਭਵਿੱਖ ਵਿੱਚ ਪ੍ਰਤੀਰੋਪਣ ਵਰਤੋਂ ਲਈ ਸਟੋਰ ਨਹੀਂ ਕੀਤਾ ਜਾ ਸਕਦਾ ਹੈ, ਤਾਂ ਵੀ ਇਸਨੂੰ ਸੁੱਟੇ ਜਾਣ ਦੀ ਬਜਾਏ, ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਕੈਨੇਡਾ ਅਤੇ ਦੁਨੀਆ ਭਰ ਦੇ ਖੋਜਕਰਤਾਵਾਂ ਨੂੰ ਉਹਨਾਂ ਦੀ ਵਰਤੋਂ ਲਈ ਜੀਵ-ਡਾਕਟਰੀ ਖੋਜ ਲਈ ਵੰਡਿਆ ਜਾ ਸਕਦਾ ਹੈ।

ਨਾੜੂਏ ਦੇ ਖੂਨ ਦੇ ਸਟੈੱਮ ਸੈੱਲਾਂ ਨੂੰ ਸਟੋਰੇਜ ਲਈ ਤਿਆਰ ਕਰਦੇ ਸਮੇਂ, ਨਾੜੂਏ ਦੇ ਖੂਨ ਤੋਂ ਕਈ ਅੰਸ਼ ਬਾਹਰ ਕੱਢ ਦਿੱਤੇ ਜਾਂਦੇ ਹਨ। ਇਹਨਾਂ ਅੰਸ਼ਾਂ ਵਿੱਚ, ਜਿਨ੍ਹਾਂ ਨੂੰ ਸਹਿ-ਉਤਪਾਦਾਂ ਵਜੋਂ ਵੀ ਜਾਣਿਆ ਜਾਂਦਾ ਹੈ, ਲਹੂ ਦੇ ਲਾਲ ਸੈੱਲ ਸ਼ਾਮਲ ਹੁੰਦੇ ਹਨ। ਖੂਨ ਦੇ ਸਟੈਮ ਸੈੱਲਾਂ ਦੀ ਸਟੋਰੇਜ ਲਈ ਤਿਆਰੀ ਦੌਰਾਨ ਵਰਤੇ ਨਾ ਜਾਣ ਵਾਲੇ ਅੰਸ਼ਾਂ ਨੂੰ ਸੁੱਟਣ ਦੀ ਬਜਾਏ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਦੇ ਤਹਿਤ ਜੀਵ-ਡਾਕਟਰੀ ਖੋਜ ਲਈ ਵੰਡਿਆ ਜਾ ਸਕਦਾ ਹੈ।

ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਦੇ ਤਹਿਤ, ਜੀਵ-ਡਾਕਟਰੀ ਖੋਜ ਵਿੱਚ ਵਰਤੋਂ ਲਈ ਦਾਨ ਕੀਤੇ ਨਾੜੂਏ ਦੇ ਖੂਨ ਨੂੰ **ਕੇਵਲ** ਤਾਂ ਹੀ ਵੰਡਿਆ ਜਾਵੇਗਾ ਜੇਕਰ:

- ਤੁਸੀਂ ਨਾੜੂਏ ਦੇ ਖੂਨ ਦੀ ਵਰਤੋਂ ਕਰਨ ਲਈ ਆਪਣੀ ਸਹਿਮਤੀ ਦੇ ਦਿੱਤੀ ਹੈ;
- ਨਾੜੂਏ ਦਾ ਖੂਨ ਸਟੋਰੇਜ ਜਾਂ ਪ੍ਰਤੀਰੋਪਣ ਵਿੱਚ ਵਰਤਣ ਲਈ ਅਣਉਚਿਤ ਪਾਇਆ ਗਿਆ ਹੈ;
- ਨਾੜੂਏ ਦਾ ਖੂਨ ਕੁਝ ਖੋਜ ਮਾਪਦੰਡਾਂ ਨੂੰ ਪੂਰਾ ਕਰਦਾ ਹੈ; ਅਤੇ
- ਨਾੜੂਏ ਦੇ ਖੂਨ ਦੀ ਵਰਤੋਂ ਕਰਨ ਵਾਲੇ ਖੋਜ ਪ੍ਰੋਜੈਕਟ ਨੂੰ ਨੈਤਿਕ ਤੌਰ 'ਤੇ ਮਨਜ਼ੂਰੀ ਦਿੱਤੀ ਗਈ ਹੈ।

ਕੈਨੇਡੀਅਨ ਬਲੱਡ ਸਰਵਿਸਿਜ਼ ਨਾੜੂਏ ਦਾ ਖੂਨ ਜਾਂ ਸਹਿ-ਉਤਪਾਦ ਲਾਗਤ ਰਿਕਵਰੀ ਦੇ ਆਧਾਰ 'ਤੇ ਕਿਸੇ ਪ੍ਰਵਾਨਿਤ ਖੋਜ ਪ੍ਰੋਜੈਕਟ ਨੂੰ ਪ੍ਰਦਾਨ ਕਰ ਸਕਦੀ ਹੈ।

***ਮੈਂ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਅਧੀਨ ਜੀਵ-ਡਾਕਟਰੀ ਖੋਜ ਲਈ ਨਾੜੂਏ ਦਾ ਖੂਨ ਦਾਨ ਕਰਨ ਲਈ ਸਹਿਮਤੀ ਕਿਵੇਂ ਦੇਵਾਂ?***

ਜੇ ਤੁਸੀਂ ਚਾਹੁੰਦੇ ਹੋ ਕਿ ਨਾੜੂਏ ਦਾ ਖੂਨ ਵੰਡਿਆ ਜਾਵੇ ਅਤੇ ਜੀਵ-ਡਾਕਟਰੀ ਖੋਜ ਲਈ ਵਰਤਿਆ ਜਾਵੇ ਤਾਂ ਤੁਹਾਨੂੰ ਰਿਸਰਚ ਔਪਟ-ਇਨ ਬਾਕਸ 'ਤੇ ਨਿਸ਼ਾਨ ਲਗਾਉਣਾ ਚਾਹੀਦਾ ਹੈ।

***ਜੇ ਮੈਂ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਲਈ ਨਾੜੂਏ ਦਾ ਖੂਨ ਦਾਨ ਨਹੀਂ ਕਰਦੀ ਤਾਂ ਕੀ ਮੇਰੇ ਬੱਚੇ ਅਤੇ ਮੈਨੂੰ ਮਿਲਣ ਵਾਲੀ ਦੇਖਭਾਲ ਪ੍ਰਭਾਵਿਤ ਹੋਵੇਗੀ?***

ਤੁਹਾਡਾ ਦਾਨ ਪੂਰੀ ਤਰ੍ਹਾਂ ਸਵੈਇੱਛਤ ਹੈ। ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਵਿੱਚ ਤੁਹਾਡੀ ਭਾਗੀਦਾਰੀ ਦਾ ਤੁਹਾਡੇ ਜਾਂ ਤੁਹਾਡੇ ਬੱਚੇ ਦੀ ਦੇਖਭਾਲ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ।

***ਜੇ ਮੈਂ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਅਧੀਨ ਜੀਵ-ਡਾਕਟਰੀ ਖੋਜ ਲਈ ਨਾੜੂਏ ਦਾ ਖੂਨ ਦਾਨ ਕਰਦਾ/ਕਰਦੀ ਹਾਂ ਤਾਂ ਕੀ ਕੋਈ ਖਤਰੇ ਹਨ?***

ਜੇ ਤੁਸੀਂ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਅਧੀਨ ਜੀਵ-ਡਾਕਟਰੀ ਖੋਜ ਲਈ ਨਾੜੂਏ ਦਾ ਖੂਨ ਦਾਨ ਕਰਦੇ ਹੋ ਤਾਂ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਵਾਧੂ ਸਿਹਤ ਖਤਰਾ ਨਹੀਂ ਹੈ। ਕੈਨੇਡੀਅਨ ਬਲੱਡ ਸਰਵਿਸਿਜ਼ ਖੋਜਕਰਤਾਵਾਂ ਨੂੰ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਸਿਰਫ ਘੱਟੋ-ਘੱਟ ਜਾਣਕਾਰੀ ਦਾ ਖੁਲਾਸਾ ਕਰੇਗੀ ਜਿਵੇਂ ਕਿ ਨਾੜੂਏ ਦਾ ਖੂਨ ਇਕੱਤਰ ਕਰਨ ਦੀ ਮਿਤੀ, ਤੁਹਾਡੇ ਬੱਚੇ ਦਾ ਲਿੰਗ, ਅਤੇ ਇਹ ਨਿਰਧਾਰਿਤ ਕਰਨ ਲਈ ਸਾਡੇ ਵੱਲੋਂ ਵਰਤੇ ਗਏ ਮਾਪਦੰਡ ਕਿ ਨਾੜੂਏ ਦਾ ਖੂਨ ਸਟੋਰੇਜ ਲਈ ਅਣਉਚਿਤ ਸੀ। ਉਹ ਜਾਣਕਾਰੀ ਜੋ ਤੁਹਾਡੀ ਸਿੱਧੇ ਤੌਰ 'ਤੇ ਇੱਕ ਵਿਅਕਤੀ ਵਜੋਂ ਪਛਾਣ ਕਰਦੀ ਹੈ, ਨੂੰ ਇੱਕ ਵਿਲੱਖਣ ਪਛਾਣ-ਕਾਰਕ ਦੇ ਨਾਲ ਬਦਲ ਦਿੱਤਾ ਜਾਂਦਾ ਹੈ। ਇਸ ਤਰ੍ਹਾਂ, ਖੋਜਕਰਤਾਵਾਂ ਨੂੰ ਇਹ ਨਹੀਂ ਪਤਾ ਹੋਵੇਗਾ ਕਿ ਨਾੜੂਏ ਦਾ ਖੂਨ ਕਿਸ ਨੇ ਦਾਨ ਕੀਤਾ ਹੈ।

**Canadian Blood Services Stem Cell Registry**
1800 Alta Vista Drive, Ottawa, ON, CANADA K1G 4J5
**T** 1-613-739-2435 **F** 1-613-739-2275
Toll free: 1-866-233-2445
www.blood.ca

# ਕੈਨੇਡੀਅਨ ਬਲੱਡ ਸਰਵਿਸਜ਼ ਦੀ ਕੋਰਡ ਬਲੱਡ ਬੈਂਕ
# ਜੀਵ-ਡਾਕਟਰੀ ਖੋਜ ਵਾਸਤੇ ਨਾੜੂਏ ਦੇ ਖ਼ੂਨ ਦੇ ਦਾਨ ਲਈ ਜਾਣਕਾਰੀ

***ਜੇ ਮੈਂ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਅਧੀਨ ਜੀਵ-ਡਾਕਟਰੀ ਖੋਜ ਲਈ ਨਾੜੂਏ ਦਾ ਖ਼ੂਨ ਦਾਨ ਕਰਨ ਦੀ ਚੋਣ ਕਰਦਾ/ਕਰਦੀ ਹਾਂ ਤਾਂ ਕੀ ਕੋਈ ਲਾਭ ਹਨ?***

ਹਾਲਾਂਕਿ ਨਾ ਤਾਂ ਤੁਹਾਨੂੰ ਅਤੇ ਨਾ ਹੀ ਤੁਹਾਡੇ ਬੱਚੇ ਨੂੰ ਨਾੜੂਏ ਦਾ ਖ਼ੂਨ ਦਾਨ ਕਰਨ ਨਾਲ ਸਿੱਧੇ ਤੌਰ 'ਤੇ ਲਾਭ ਹੋਵੇਗਾ, ਪਰ ਨਾੜੂਏ ਦੇ ਖ਼ੂਨ ਦੀ ਵਰਤੋਂ ਮਨੁੱਖੀ ਸਿਹਤ ਅਤੇ ਵਿਗਿਆਨ ਨਾਲ ਸੰਬੰਧਿਤ ਖੋਜਾਂ ਵਿੱਚ ਕੀਤੀ ਜਾਂਦੀ ਹੈ ਜੋ ਦੂਜਿਆਂ ਨੂੰ ਲਾਭ ਪਹੁੰਚਾ ਸਕਦੀ ਹੈ। ਨਾੜੂਏ ਦਾ ਖ਼ੂਨ ਬਿਮਾਰੀਆਂ ਦੇ ਇਲਾਜ ਲਈ ਦਵਾਈਆਂ, ਮੈਡੀਕਲ ਅਤੇ/ਜਾਂ ਵਪਾਰਕ ਉਤਪਾਦਾਂ ਦੇ ਵਿਕਾਸ ਲਈ ਲਾਭਦਾਇਕ ਹੋ ਸਕਦਾ ਹੈ। ਇਹਨਾਂ ਉਤਪਾਦਾਂ ਵਿੱਚ ਤੁਹਾਡੇ ਕੋਈ ਅਧਿਕਾਰ ਨਹੀਂ ਹੋਣਗੇ ਜਾਂ ਤੁਹਾਡੇ ਦਾਨ ਤੋਂ ਕੋਈ ਵਿੱਤੀ ਲਾਭ ਪ੍ਰਾਪਤ ਨਹੀਂ ਹੋਵੇਗਾ।

***ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਦੇ ਤਹਿਤ ਨਾੜੂਏ ਦੇ ਖ਼ੂਨ ਦੀ ਵਰਤੋਂ ਕਿਸ ਤਰ੍ਹਾਂ ਦੀ ਜੀਵ-ਡਾਕਟਰੀ ਖੋਜ ਲਈ ਕੀਤੀ ਜਾਵੇਗੀ?***

ਨਾੜੂਏ ਦੇ ਖ਼ੂਨ ਉੱਤੇ ਜੀਵ-ਡਾਕਟਰੀ ਖੋਜ ਦੀਆਂ ਉਦਾਹਰਨਾਂ, ਜੋ ਕਿ ਅਕਾਦਮਿਕ ਦੁਆਰਾ ਕਰਵਾਈ ਜਾ ਸਕਦੀ ਹੈ, ਨਾ ਕਿ ਲਾਭ ਜਾਂ ਉਦਯੋਗ ਲਈ, ਵਿੱਚ ਨਿਮਨਲਿਖਤ ਸ਼ਾਮਲ ਹਨ:

- ਮੌਜੂਦਾ ਕਲੀਨਿਕਲ ਅਭਿਆਸਾਂ ਵਿੱਚ ਸੁਧਾਰ ਜੋ ਨਾੜੂਏ ਦੇ ਖ਼ੂਨ ਦੀ ਵਰਤੋਂ ਕਰਦੇ ਹਨ
- ਨਾੜੂਏ ਦਾ ਖ਼ੂਨ ਇਕੱਤਰ ਕਰਨ, ਨਿਰਮਾਣ ਅਤੇ ਸਟੋਰੇਜ ਵਿੱਚ ਸੁਧਾਰ
- ਸਟੈੱਮ ਸੈੱਲ ਜੀਵ-ਵਿਗਿਆਨ ਦਾ ਅਧਿਐਨ (ਜਿਵੇਂ ਜੀਨ ਸਮੀਕਰਨ ਦੀ ਵਰਤੋਂ ਕਰਨਾ)
- ਨਾੜੂਏ ਦੇ ਖ਼ੂਨ ਤੋਂ ਸਟੈਮ ਸੈੱਲਾਂ ਦੀ ਹੋਰ ਕਲੀਨਿਕਲ ਅਤੇ ਗੈਰ-ਕਲੀਨਿਕਲ ਵਰਤੋਂ ਬਾਰੇ ਖੋਜ
- ਸਟੈੱਮ ਸੈੱਲ ਲਾਈਨਾਂ ਦਾ ਉਤਪਾਦਨ ਜੋ ਕਈ ਸਾਲਾਂ ਤੱਕ ਬਣਾਈ ਰੱਖਿਆ ਜਾ ਸਕਦਾ ਹੈ ਅਤੇ ਖੋਜ ਦੇ ਕਈ ਉਦੇਸ਼ਾਂ ਲਈ ਵਰਤਿਆ ਜਾ ਸਕਦਾ ਹੈ
- ਮਨੁੱਖੀ ਬਿਮਾਰੀਆਂ ਦੇ ਇਲਾਜ ਲਈ ਦਵਾਈਆਂ, ਮੈਡੀਕਲ ਅਤੇ/ਜਾਂ ਵਪਾਰਕ ਉਤਪਾਦਾਂ ਦਾ ਵਿਕਾਸ

ਕੋਰਡ ਬਲੱਡ ਬੈਂਕ ਦਾ ਜੀਵ-ਡਾਕਟਰੀ ਖੋਜ ਪ੍ਰੋਗਰਾਮ ਜੀਨੋਮ ਸੀਕਵਿੰਸਿੰਗ (genome sequencing) ਕਰਨ ਵਾਲੇ ਅਧਿਐਨਾਂ ਲਈ ਨਾੜੂਏ ਦਾ ਖ਼ੂਨ ਪ੍ਰਦਾਨ ਨਹੀਂ ਕਰੇਗਾ।

ਕੈਨੇਡੀਅਨ ਬਲੱਡ ਸਰਵਿਸਿਜ਼ ਲਈ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਅਧੀਨ ਸਾਰੇ ਖੋਜ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣੀ ਲਾਜ਼ਮੀ ਹੈ। ਕੈਨੇਡੀਅਨ ਬਲੱਡ ਸਰਵਿਸਿਜ਼ ਦਾ 'ਖੋਜ ਨੈਤਿਕਤਾ ਬੋਰਡ' (Research Ethics Board) ਵੀ ਸਾਰੇ ਪ੍ਰੋਜੈਕਟਾਂ ਦੀ ਸਮੀਖਿਆ ਕਰੇਗਾ। ਇਸ ਤੋਂ ਇਲਾਵਾ, ਖੋਜਕਰਤਾਵਾਂ ਨੂੰ ਉਹਨਾਂ ਦੇ ਆਪਣੇ ਅਦਾਰਿਆਂ ਅਤੇ, ਜੇਕਰ ਲਾਗੂ ਹੁੰਦਾ ਹੋਵੇ, ਖੋਜ ਦੀ ਨਿਗਰਾਨੀ ਕਰਨ ਵਾਲੇ ਹੋਰ ਸਲਾਹਕਾਰ ਸਮੂਹਾਂ ਤੋਂ ਨੈਤਿਕਤਾ ਦੀ ਪ੍ਰਵਾਨਗੀ ਦੀ ਲੋੜ ਹੋ ਸਕਦੀ ਹੈ।

ਜੇ ਤੁਸੀਂ ਨਾੜੂਏ ਦਾ ਖ਼ੂਨ ਦਾਨ ਕਰਦੇ ਹੋ, ਤਾਂ ਤੁਸੀਂ ਇਹ ਨਹੀਂ ਚੁਣ ਸਕਦੇ ਕਿ ਕਿਸ ਕਿਸਮ ਦੀ ਖੋਜ ਜਾਂ ਕਿਸ ਖੋਜ ਪ੍ਰੋਜੈਕਟ ਲਈ ਨਾੜੂਏ ਦੇ ਖ਼ੂਨ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਦੇ ਤਹਿਤ ਦਾਨ ਕੀਤੇ ਨਾੜੂਏ ਦੇ ਖ਼ੂਨ ਦੀ ਵਰਤੋਂ ਕਰਨ ਵਾਲੇ ਖੋਜ ਪ੍ਰੋਜੈਕਟਾਂ ਬਾਰੇ ਹੋਰ ਜਾਣਕਾਰੀ ਕੈਨੇਡੀਅਨ ਬਲੱਡ ਸਰਵਿਸਿਜ਼ ਦੀ ਵੈੱਬਸਾਈਟ www.blood.ca/researchcordblood 'ਤੇ ਪ੍ਰਾਪਤ ਕਰੋ।

***ਖੋਜ ਦੇ ਨਤੀਜਿਆਂ ਦਾ ਖੁਲਾਸਾ ਕਿਵੇਂ ਕੀਤਾ ਜਾਵੇਗਾ?***

ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਦੇ ਤਹਿਤ ਵੰਡੇ ਗਏ ਨਾੜੂਏ ਦੇ ਖ਼ੂਨ ਦੀ ਵਰਤੋਂ ਕਰਦੇ ਹੋਏ ਜੀਵ-ਡਾਕਟਰੀ ਖੋਜ ਦੇ ਨਤੀਜੇ ਮੀਟਿੰਗਾਂ ਜਾਂ ਪ੍ਰਕਾਸ਼ਨਾਵਾਂ ਵਿੱਚ ਪੇਸ਼ ਕੀਤੇ ਜਾ ਸਕਦੇ ਹਨ, ਪਰ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਪਛਾਣ ਦਾ ਖੁਲਾਸਾ ਨਹੀਂ ਕੀਤਾ ਜਾਵੇਗਾ। ਖੋਜਕਰਤਾਵਾਂ ਨੂੰ ਵੰਡਿਆ ਗਿਆ ਨਾੜੂਏ ਦਾ ਖ਼ੂਨ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਪਛਾਣ ਨਹੀਂ ਕਰੇਗਾ ਅਤੇ ਤੁਹਾਨੂੰ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਦੇ ਤਹਿਤ ਕੀਤੀ ਗਈ ਕਿਸੇ ਵੀ ਖੋਜ ਦੇ ਨਤੀਜੇ ਪ੍ਰਾਪਤ ਨਹੀਂ ਹੋਣਗੇ। ਹਾਲਾਂਕਿ ਸਮਰਥਿਤ ਖੋਜ ਪ੍ਰੋਜੈਕਟ ਅਜਿਹੇ ਨਤੀਜੇ ਪੈਦਾ ਕਰਨ ਲਈ ਨਹੀਂ ਬਣਾਏ ਜਾਂਦੇ ਜੋ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਸਿਹਤ 'ਤੇ ਪ੍ਰਭਾਵ ਪਾਉਂਦੇ ਹੋਣ, ਪਰ ਕਿਸੇ ਦੁਰਲੱਭ ਸਥਿਤੀ ਵਿੱਚ ਜਦੋਂ ਕੋਈ ਪ੍ਰੋਜੈਕਟ ਕੋਈ ਅਣਕਿਆਸੀ ਲੱਭਤ ਜ਼ਾਹਰ ਕਰਦਾ ਹੈ ਜੋ ਤੁਹਾਡੇ ਲਈ ਮਹੱਤਵਪੂਰਨ ਹੋ ਸਕਦੀ ਹੈ, ਤਾਂ ਅਸੀਂ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ। ਕੈਨੇਡੀਅਨ ਬਲੱਡ ਸਰਵਿਸਿਜ਼ ਵੈੱਬਸਾਈਟ 'ਤੇ ਚੱਲ ਰਹੇ ਖੋਜ ਪ੍ਰੋਜੈਕਟਾਂ ਅਤੇ ਮੁਕੰਮਲ ਹੋਈ ਖੋਜ ਦੇ ਆਮ ਨਤੀਜਿਆਂ ਬਾਰੇ ਜਾਣਕਾਰੀ ਹੈ।

**Canadian Blood Services Stem Cell Registry**
1800 Alta Vista Drive, Ottawa, ON, CANADA K1G 4J5
**T** 1-613-739-2435 **F** 1-613-739-2275
Toll free: 1-866-233-2445
www.blood.ca

# ਕੈਨੇਡੀਅਨ ਬਲੱਡ ਸਰਵਿਸਜ਼ ਦੀ ਕੋਰਡ ਬਲੱਡ ਬੈਂਕ

# ਜੀਵ-ਡਾਕਟਰੀ ਖੋਜ ਵਾਸਤੇ ਨਾੜੂਏ ਦੇ ਖੂਨ ਦੇ ਦਾਨ ਲਈ ਜਾਣਕਾਰੀ

***ਜੇ ਮੈਂ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਅਧੀਨ ਜੀਵ-ਡਾਕਟਰੀ ਖੋਜ ਲਈ ਆਪਣੀ ਸਹਿਮਤੀ ਵਾਪਸ ਲੈਣਾ ਚਾਹੁੰਦਾ/ਚਾਹੁੰਦੀ ਹਾਂ ਤਾਂ ਕੀ ਹੋਵੇਗਾ?***

ਨਾੜੂਏ ਦਾ ਖੂਨ ਦਾਨ ਕਰਨਾ ਪੂਰੀ ਤਰ੍ਹਾਂ ਸਵੈਇੱਛਤ ਹੈ। ਤੁਸੀਂ ਕਿਸੇ ਵੀ ਸਮੇਂ ਆਪਣਾ ਨਾਮ ਵਾਪਸ ਲੈਣ ਦੀ ਬੇਨਤੀ ਕਰ ਸਕਦੇ ਹੋ। 1 888 2 DONATE (1-888-236-6283) 'ਤੇ ਕਾਲ ਕਰੋ ਅਤੇ ਅਸੀਂ ਤੁਹਾਨੂੰ *ਕੈਨੇਡੀਅਨ ਬਲੱਡ ਸਰਵਿਸਿਜ਼ ਦੇ ਕੋਰਡ ਬਲੱਡ ਬੈਂਕ ਦੀ ਸਹਿਮਤੀ ਵਾਪਸ ਲੈਣ (Canadian Blood Services' Cord Blood Bank Withdrawal of Consent)* ਦੇ ਸਿਰਲੇਖ ਵਾਲਾ ਫਾਰਮ ਭੇਜਾਂਗੇ। ਫਾਰਮ ਨੂੰ ਪੂਰਾ ਕਰੋ ਅਤੇ ਇਸਨੂੰ ਕੈਨੇਡੀਅਨ ਬਲੱਡ ਸਰਵਿਸਿਜ਼ ਨੂੰ ਵਾਪਸ ਕਰੋ।

ਕਿਰਪਾ ਕਰਕੇ ਨੋਟ ਕਰੋ, ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਦੇ ਤਹਿਤ ਖੋਜਕਰਤਾਵਾਂ ਨੂੰ ਵੰਡਿਆ ਗਿਆ ਜ਼ਿਆਦਾਤਰ ਨਾੜੂਏ ਦਾ ਖੂਨ ਇਕੱਤਰ ਕਰਨ ਦੇ 48 ਘੰਟਿਆਂ ਦੇ ਅੰਦਰ ਭੇਜ ਦਿੱਤਾ ਜਾਵੇਗਾ। ਜੇ ਤੁਸੀਂ ਜੀਵ-ਡਾਕਟਰੀ ਖੋਜ ਲਈ ਸਹਿਮਤੀ ਵਾਪਸ ਲੈ ਲੈਂਦੇ ਹੋ ਅਤੇ ਜੀਵ-ਡਾਕਟਰੀ ਖੋਜ ਲਈ ਨਾੜੂਏ ਦੇ ਖੂਨ ਦੀ ਵਰਤੋਂ ਪਹਿਲਾਂ ਹੀ ਨਹੀਂ ਕੀਤੀ ਜਾ ਚੁੱਕੀ ਤਾਂ ਇਸ ਨੂੰ ਰੱਦ ਕਰ ਦਿੱਤਾ ਜਾਵੇਗਾ ਜਾਂ ਹੋਰ ਉਪਯੋਗਾਂ (ਜਿਵੇਂ, ਗੁਣਵੱਤਾ ਭਰੋਸਾ (ਜਿਵੇਂ ਪ੍ਰਮਾਣਿਕਤਾ, ਸਿਖਲਾਈ ਅਤੇ ਗੁਣਵੱਤਾ ਨਿਯੰਤਰਣ) ਜਾਂ ਉਤਪਾਦ ਸੁਧਾਰ) ਲਈ ਵਰਤਿਆ ਜਾਵੇਗਾ। ਜੇ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਅਧੀਨ ਜੀਵ-ਡਾਕਟਰੀ ਖੋਜ ਲਈ ਪਹਿਲਾਂ ਹੀ ਨਾੜੂਏ ਦੇ ਖੂਨ ਦੀ ਵਰਤੋਂ ਕੀਤੀ ਜਾ ਚੁੱਕੀ ਹੈ, ਤਾਂ ਨਾੜੂਏ ਦਾ ਖੂਨ ਅਤੇ ਖੋਜ ਦੇ ਨਤੀਜੇ ਵਾਪਸ ਨਹੀਂ ਲਏ ਜਾ ਸਕਦੇ।

***ਜੇ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਬਾਰੇ ਮੇਰੇ ਕੋਈ ਸਵਾਲ ਹਨ ਤਾਂ ਕੀ ਹੋਵੇਗਾ?***

ਹੋਰ ਜਾਣਕਾਰੀ ਲਈ 1 888 2 DONATE (1-888-236-6283) 'ਤੇ ਕਾਲ ਕਰੋ ਜਾਂ ਸਾਡੀ ਵੈੱਬਸਾਈਟ www.blood.ca/researchcordblood 'ਤੇ ਜਾਓ।

ਜੇਕਰ ਤੁਹਾਡੇ ਕੋਲ ਇਸ ਖੋਜ ਪ੍ਰੋਗਰਾਮ ਦੇ ਤਹਿਤ ਖੋਜ ਭਾਗੀਦਾਰਾਂ ਦੇ ਅਧਿਕਾਰਾਂ ਜਾਂ ਖੋਜ ਪ੍ਰੋਜੈਕਟਾਂ ਦੇ ਸੰਚਾਲਨ ਬਾਰੇ ਕੋਈ ਸਵਾਲ ਹਨ, ਤਾਂ ਤੁਸੀਂ CBSREB@blood.ca 'ਤੇ ਈਮੇਲ ਕਰਕੇ ਕੈਨੇਡੀਅਨ ਬਲੱਡ ਸਰਵਿਸਿਜ ਦੇ ਖੋਜ ਨੈਤਿਕਤਾ ਬੋਰਡ ਨਾਲ ਸੰਪਰਕ ਕਰ ਸਕਦੇ ਹੋ। ਕੈਨੇਡੀਅਨ ਬਲੱਡ ਸਰਵਿਸਿਜ ਦਾ ਖੋਜ ਨੈਤਿਕਤਾ ਬੋਰਡ ਇੱਕ ਸੁਤੰਤਰ ਕਮੇਟੀ ਹੈ ਜੋ ਕੈਨੇਡੀਅਨ ਬਲੱਡ ਸਰਵਿਸਿਜ ਦੇ ਨੇੜੇ ਰਹਿਕੇ ਕੰਮ ਕਰਦੀ ਹੈ।